ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

32

January - March 2019

# ਸੈਣੀ ਸੰਸਾਰ
# Saini Sansar

2019

ਨਵੇਂ ਵਰ੍ਹੇ ਦਿਆ ਸੂਰਜਾ ਕਿਰਨਾਂ ਇੰਝ ਖਲੇਰ
ਹੋਵਣ ਦੂਰ ਮੁਸੀਬਤਾਂ ਆਵੇ ਸੁਖਨ-ਸਵੇਰ

Happy new Year

ਅੰਦਰ ਪੜ੍ਹੋ

- ਸੈਣੀ ਸਖ਼ਸ਼ੀਅਤਾਂ
- ਸੈਣੀ ਭਵਨ ਦੀਆਂ ਸਰਗਰਮੀਆਂ
- ਬਾਬਾ ਨਾਨਕ ਦੇ ਪਾਰਖੂ
- ਰੌਚਿਕ ਸਾਹਿਤਕ ਰਚਨਾਵਾਂ
- ਸਿਹਤਮੰਦ ਜੀਵਨ ਜਾਚ
- ਨੋਬੇਲ ਪੁਰਸਕਾਰ ਜੇਤੂ ਪੰਜਾਬੀ ਵਿਗਿਆਨੀ
- ਗਿਆਨ, ਵਿਗਿਆਨ
- ਮੈਟਰੀਮੋਨੀਅਲਜ਼

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - IX, Issue - I

# Saini Sansar

(Quarterly)

January - March 2019

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**

**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **S. Malkiat Singn Saini,**
#4, Arnika Court, Jereme Grove, Glenwoood, Sydney-Australia

**U.S.A.** : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :

**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 83356 2779**
**E-mail : sainibhawanrpr@gmail.com**
**Website : www.sainibhawan.org**

**Date of Publication : 06.01.2019**

// ਸੈਣੀ ਸੰਸਾਰ
(ਤਿਮਾਹੀ)

ਜਿਲਦ 9, ਅੰਕ 1 ਜਨਵਰੀ - ਮਾਰਚ 2019

**ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ**
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

**ਪ੍ਰਿੰਟਿੰਗ ਪ੍ਰੈਸ**
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

**ਪ੍ਰਕਾਸ਼ਨਾ ਸਥਾਨ**
ਸੈਣੀ ਭਵਨ
ਰੂਪਨਗਰ - 140001 (ਪੰਜਾਬ)

**ਮੁੱਖ ਸੰਪਾਦਕ (ਆਨਰੇਰੀ)**
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਕਵਿਤਾ - ਕਰਤਾਰਪੁਰ ਲਾਂਘਾ ਖੁਲ੍ਹਣ 'ਤੇ | 4 |
| ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ | 5-7 |
| ਸਭਨਾ ਜੀਆ ਕਾ ਇਕੁ ਦਾਤਾ | 8-9 |
| ਦਾਨੀ ਸੱਜਣ | 9 |
| ਕਹਾਣੀ - ਓਥੇ ਤੇਰਾ ਕੀ ਰੱਖਿਆ | 10-11 |
| ਆਰਤੀ | 11 |
| ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ | 12-13 |
| ਕਹਾਣੀ - ਭਰਮ ਜਾਲ | 14 |
| ਬਾਬਾ ਨਾਨਕ ਦੇ ਪਾਰਖੂ | 15-16 |
| List of Scholarships Awardees 2018-19 | 17-19 |
| ਜ਼ਰਾ ਸੂਝ ਨਾਲ ਵਿਚਰੋ | 20 |
| ਕਵਿਤਾ - ਹੋ ਪ੍ਰਗਟ ਨਾਨਕ | 21 |
| ਇਨਾਮ ਜੇਤੂ ਭਾਸ਼ਣ | 22-23 |
| Donors of Casual Scholarships Year 2018-19 | 24 |
| Sunny Side of Brain - Drain | 25 |
| ਨੋਬਲ ਪੁਰਸਕਾਰ ਜੇਤੂ ਪੰਜਾਬੀ ਭੌਤਿਕ ਵਿਗਿਆਨੀ | 26-27 |
| ਬਰਾਦਰੀ ਦੇ ਨਵੇਂ ਚੁਣੇ ਗਏ ਸਰਪੰਚ | 28 |
| ਜੇ ਅਤੇ ਕਿਉਂ ਵਿੱਚ ਉਲਝੀਆਂ ਜ਼ਿੰਦਗੀਆਂ | 29 |
| ਕਵਿਤਾ - ਆਸ | 30 |
| ਦਸੋ ਧੀ ਕਿੱਥੇ ਜਾਵੇ ? | 31 |
| ਮਨੁੱਖੀ ਕ੍ਰਿਸ਼ਮੇ | 32 |
| ਹੱਡ ਬੀਤੀ - ਬੀਬਾ ਸਾਊ | 33 |
| ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਮੈਂਬਰ | 34 |
| ਕਹਾਣੀ - ਵਿਦੇਸ਼ੀ ਲਾੜੇ | 35 |
| Matrimonials | 36-40 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |

ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. : 500 ਰੁ: 8 ਸੈ.ਮੀ. x 6 ਸੈ.ਮੀ. = 1000 ਰੁ:

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



# ਨਵਾਂ ਸਾਲ - ਨਵੀਆਂ ਉਮੀਦਾਂ

ਅਜਮੇਰ ਸਿੰਘ (ਡਾ.)
ਰੂਪਨਗਰ

ਹਰ ਸਾਲ 31 ਦਸੰਬਰ ਤੇ 1 ਜਨਵਰੀ ਦੀ ਰਾਤ ਨਿਵੇਕਲੀ ਹੁੰਦੀ ਹੈ। ਇਸ ਰਾਤ, ਸਾਰੇ ਹੀ ਬਾਰਾਂ ਵੱਜਣ ਦੀ ਬੇਸਬਰੀ ਨਾਲ ਉਡੀਕ ਕਰਦੇ ਹਨ। ਜਿਉਂ ਹੀ ਘੜੀ ਦੀ ਸਕਿੰਟ ਵਾਲੀ ਸੂਈ ਆਪਣੀਆਂ ਦੂਜੀਆਂ ਦੋਵੇਂ ਸਾਥਣ ਸੂਈਆਂ ਨੂੰ 12 ਦੇ ਅੰਕ 'ਤੇ ਮਿਲ ਕੇ ਅੱਗੇ ਲੰਘਣ ਲਗਦੀ ਹੈ ਤਾਂ ਸਾਰਾ ਆਕਾਸ਼ ਆਤਿਸ਼ਬਾਜੀਆਂ ਦੀਆਂ ਰੰਗ-ਬਰੰਗੀਆਂ ਤਰੰਗਾਂ ਨਾਲ ਭਰ ਜਾਂਦਾ ਹੈ ਤੇ ਪਟਾਕਿਆਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਉਸ ਰਾਤ ਜਲਦੀ ਸੌਣ ਵਾਲੇ ਵੀ ਇਸ ਘੜੀ ਦਾ ਆਨੰਦ ਮਾਨਣ ਲਈ ਜਾਗਦੇ ਰਹਿਣ ਲਈ ਮਜ਼ਬੂਰ ਹੋ ਜਾਂਦੇ ਹਨ। ਲੋਕਾਂ ਦੇ ਮਨੋਰੰਜਨ ਲਈ ਟੈਲੀਵਿਜ਼ਨ 'ਤੇ ਰੰਗਾਰੰਗ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਂਦੇ ਹਨ। ਨਵੇਂ ਸਾਲ ਦੀ ਵਧਾਈ ਦੇਣ ਲਈ ਟੈਲੀਫੋਨਾਂ ਦੀਆਂ ਘੰਟੀਆਂ ਲਗਾਤਾਰ ਵੱਜਦੀਆਂ ਹਨ ਅਤੇ ਇਹ ਸੁਨੇਹਿਆਂ ਨਾਲ ਭਰ ਜਾਂਦੇ ਹਨ। ਹਰ ਕੋਈ ਆਪਣੇ ਸੱਜਣ-ਮਿੱਤਰ ਤੇ ਸਬੰਧੀ ਨੂੰ ਸਭ ਤੋਂ ਪਹਿਲਾਂ ਵਧਾਈ ਦੇਣ ਲਈ ਉਤਾਵਲਾ ਹੁੰਦਾ ਹੈ। ਸ਼ਹਿਰਾਂ ਦੇ ਨਵੀਂ ਵਿਆਹੀ ਦੁਲਹਨ ਵਾਂਗ ਸਜਾਏ ਹੋਟਲ ਇਸ ਰਾਤ ਲਈ ਕਈ ਦਿਨ ਪਹਿਲਾਂ ਹੀ ਬੁੱਕ ਹੋ ਜਾਂਦੇ ਹਨ। ਅੱਜ ਕੱਲ੍ਹ ਨੌਜਵਾਨ ਤਾਂ ਸਾਰੀ ਰਾਤ ਹੀ ਜਸ਼ਨ ਮਨਾਉਂਦੇ ਹਨ। ਵਧਾਈਆਂ ਦੇਣ ਦਾ ਸਿਲਸਿਲਾ ਅਗਲੇ ਇੱਕ-ਦੋ ਦਿਨ ਵੀ ਜਾਰੀ ਰਹਿੰਦਾ ਹੈ।

ਇਸ ਤੋਂ ਪ੍ਰਭਾਵ ਬਣਦਾ ਹੈ ਕਿ ਇਸ ਰਾਤ ਨੂੰ ਬਾਰਾਂ ਵਜੇ ਕੋਈ ਵਿਸ਼ੇਸ਼ ਖੁਸ਼ੀ ਵਾਲੀ ਘਟਨਾ ਵਾਪਰੀ ਹੈ। ਪਰ ਕੁਦਰਤ ਦੇ ਵਰਤਾਰਿਆਂ ਵਿੱਚ ਕੋਈ ਅਚਾਨਕ ਤਬਦੀਲੀ ਨਜ਼ਰ ਨਹੀਂ ਆਉਂਦੀ। ਨਾਂ ਧਰਤੀ ਨੂੰ ਕੋਈ ਝਟਕਾ ਲਗਦਾ ਹੈ ਅਤੇ ਨਾਂ ਹੀ ਤਾਰਿਆਂ ਦੀ ਚਮਕ ਵਿੱਚ ਕੋਈ ਫਰਕ ਪੈਂਦਾ ਹੈ। ਸੂਰਜ ਪਹਿਲਾਂ ਦੀ ਤਰ੍ਹਾਂ ਹੀ ਚੜ੍ਹਦਾ ਤੇ ਡੁਬਦਾ ਹੈ। ਬਨਸਪਤੀ ਤੇ ਜੀਵ-ਜੰਤੂਆਂ ਦੇ ਸੁਭਾਅ ਵਿੱਚ ਵੀ ਕੋਈ ਤਬਦੀਲੀ ਨਹੀਂ ਆਉਂਦੀ। ਦਰਿਆਵਾਂ ਦਾ ਪਾਣੀ ਤੇ ਹਵਾ ਵੀ ਰੋਜ਼ ਵਾਂਗ ਵਗਦੇ ਹਨ। ਇਸ ਦਾ ਭਾਵ ਇਹ ਹੋਇਆ ਕਿ ਕੋਈ ਵੀ ਨਵੀਂ ਅਚੰਭਾਜਨਕ ਘਟਨਾ ਨਹੀਂ ਵਾਪਰੀ। ਜੇ ਅਜਿਹਾ ਹੁੰਦਾ ਤਾਂ ਸਾਰੇ ਵਿਸ਼ਵ ਵਿੱਚ ਇਹ ਘਟਨਾ ਇੱਕੋ ਸਮੇਂ ਵਾਪਰਨੀ ਸੀ। ਪਰ ਇਹ ਜਸ਼ਨ ਤਾਂ ਇਸ ਦਿਨ ਦੇ 24 ਘੰਟਿਆਂ ਦੌਰਾਨ ਭਿੰਨ ਭਿੰਨ ਦੇਸ਼ਾਂ ਵਿੱਚ ਵੱਖ ਵੱਖ ਸਮੇਂ ਮਨਾਇਆ ਜਾਂਦਾ ਹੈ। ਹੋਰ ਤਾਂ ਹੋਰ ਵਿਸ਼ਵ ਦੇ ਸਾਰੇ ਲੋਕ ਇਸ ਸਾਂਝੀ ਖੁਸੀ ਵਿੱਚ ਸ਼ਾਮਿਲ ਨਹੀਂ ਹੁੰਦੇ। ਉਹ ਆਪਣੇ ਆਪਣੇ ਧਰਮ ਦੀ ਪ੍ਰੰਪਰਾ ਅਨੁਸਾਰ ਸਾਲ ਦੇ ਹੋਰ ਮਹੀਨਿਆਂ ਅਤੇ ਮਿਤੀਆਂ ਨੂੰ 'ਨਵਾਂ ਸਾਲ' ਚੜ੍ਹਨਾ ਮੰਨ ਕੇ ਖੁਸ਼ੀ ਮਨਾਉਂਦੇ ਹਨ। ਅਸਲ ਵਿੱਚ ਇਹ ਪ੍ਰੰਪਰਾ ਅਤੇ ਰਵਾਇਤ ਉਸ ਫਿਰਕੇ ਤੇ ਕੌਮ ਦੇ ਪ੍ਰਭਾਵ ਹੇਠ ਬਹੁਗਿਣਤੀ ਦੇਸ਼ਾਂ ਵਿੱਚ ਚਾਲੂ ਹੈ ਜਿਸ ਨੇ ਵਿਸ਼ਵ ਦੇ ਵੱਡੇ ਭਾਗ 'ਤੇ ਰਾਜ ਕੀਤਾ ਹੈ।

ਉਂਜ ਤਬਦੀਲੀ ਕੁਦਰਤ ਦਾ ਨਿਯਮ ਹੈ। ਇਸ ਦੀ ਹਰ ਵਸਤੂ ਨਿਰੰਤਰ ਪਰਿਵਰਤਨਸ਼ੀਲ ਹੈ। ਕੁੱਝ ਵੀ ਇਕਦਮ ਨਹੀਂ ਬਦਲਦਾ। ਇਸ ਲਈ ਸਮਾਂ ਵੀ ਲਗਾਤਾਰ ਚੱਲਦਾ ਹੈ। ਭਵਿੱਖ ਦਾ ਹਰ ਪਲ, ਵਰਤਮਾਨ ਵਿੱਚ ਅਤੇ ਵਰਤਮਾਨ, ਭੂਤਕਾਲ ਵਿੱਚ ਬਦਲ ਰਿਹਾ ਹੈ। ਇਸ ਹਿਸਾਬ ਨਾਲ ਸਮੇਂ ਦਾ ਹਰ ਪਲ ਹੀ ਨਵਾਂ ਹੈ। ਹੁਣ ਸਭ ਜਾਣਦੇ ਹਨ ਕਿ ਧਰਤੀ, ਸੂਰਜ ਦੁਆਲੇ ਘੁੰਮਦੀ ਹੈ ਅਤੇ ਇੱਕ ਚੱਕਰ ਪੂਰਾ ਕਰਨ ਲਈ ਜਿੰਨਾਂ ਸਮਾਂ ਲਗਦਾ ਹੈ ਉਸ ਨੂੰ ਇੱਕ ਸਾਲ ਕਿਹਾ ਜਾਂਦਾ ਹੈ। ਅੱਗੋਂ ਇੱਕ ਸਾਲ ਦੇ ਸਮੇਂ ਨੂੰ ਬਾਰਾਂ ਭਾਗਾਂ ਵਿੱਚ ਵੰਡਿਆ ਹੋਇਆ ਹੈ ਅਤੇ ਹਰ ਭਾਗ ਨੂੰ ਇੱਕ ਮਹੀਨਾ ਮੰਨਿਆਂ ਜਾਂਦਾ ਹੈ। ਧਰਤੀ ਆਪਣੇ ਧੁਰੇ ਦੁਆਲੇ ਵੀ ਘੁੰਮਦੀ ਹੈ ਅਤੇ ਇੱਕ ਚੱਕਰ ਪੂਰਾ ਕਰਨ ਨੂੰ ਜਿੰਨਾਂ ਸਮਾਂ ਲਗਦਾ ਹੈ ਉਸ ਨੂੰ ਇੱਕ ਦਿਨ ਕਿਹਾ ਜਾਂਦਾ ਹੈ। ਇੱਕ ਦਿਨ-ਰਾਤ ਦੇ ਸਮੇਂ ਨੂੰ 24 ਭਾਗਾਂ ਵਿੱਚ ਵੰਡ ਕੇ ਘੰਟੇ ਬਣਦੇ ਹਨ ਜਿਨ੍ਹਾਂ ਨੂੰ ਅੱਗੇ ਮਿੰਟਾਂ ਅਤੇ ਸਕਿੰਟਾਂ ਵਿੱਚ ਵੰਡਿਆ ਹੋਇਆ ਹੈ। ਇਸ ਸਮਾਂ-ਵੰਡ ਵਿੱਚ ਵਿਗਿਆਨੀ ਲੋੜ ਅਨੁਸਾਰ ਥੋੜ੍ਹੀ ਬਹੁਤ ਤਬਦੀਲੀ ਵੀ ਕਰ ਲੈਂਦੇ ਹਨ।

ਇੱਕ ਸਾਲ ਖਤਮ ਹੋ ਕੇ ਨਵਾਂ ਕਦੋਂ ਸ਼ੁਰੂ ਹੁੰਦਾ ਹੈ ਇਹ ਜਾਨਣ ਲਈ ਪਤਾ ਲੱਗਣਾ ਜ਼ਰੂਰੀ ਹੈ ਕਿ ਬ੍ਰਹਿਮੰਡ ਕਦੋਂ ਹੋਂਦ ਵਿੱਚ ਆਇਆ ਅਤੇ ਸੂਰਜ ਦੁਆਲੇ ਧਰਤੀ ਨੇ ਕਦੋਂ ਘੁੰਮਣਾ ਸ਼ੁਰੂ ਕੀਤਾ। ਇਸ ਪ੍ਰਸ਼ਨ ਦਾ ਠੀਕ ਉੱਤਰ ਲੱਭਣ ਲਈ ਵਿਗਿਆਨੀਆਂ ਨੇ ਸਿਰਤੋੜ ਯਤਨ ਕੀਤੇ ਹਨ ਪਰ ਕਿਆਸ-ਅਰਾਈਆਂ ਤੋਂ ਬਿਨਾਂ ਕੁੱਝ ਵੀ ਪੱਲੇ ਨਹੀਂ ਪਿਆ। ਧਰਮ ਸ਼ਾਸਤਰਾਂ ਨੇ ਵੀ ਇਸ ਪ੍ਰਸ਼ਨ ਦੇ ਜਵਾਬ ਵੱਖਰੇ ਵੱਖਰੇ ਢੰਗਾਂ ਨਾਲ ਦਿੱਤੇ ਹਨ। ਗੁਰੂ ਨਾਨਕ ਦੇਵ ਜੀ ਦਾ ਵਿਚਾਰ ਹੈ ਕਿ ਇਸ ਪ੍ਰਸ਼ਨ ਦਾ ਉੱਤਰ ਜਾਨਣਾ ਮਨੁੱਖ ਦੇ ਵੱਸ ਦੀ ਗੱਲ ਨਹੀਂ ਹੈ ਕਿਉਂ ਕਿ ਇਸ ਨੂੰ ਬਣਾਉਣ ਵਾਲਾ ਇਸ ਦੀ ਪਹੁੰਚ ਤੋਂ ਬਾਹਰ ਹੈ। ਆਪ ਦਾ ਕਥਨ ਹੈ-

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।

ਇਸ ਸਾਰੀ ਚਰਚਾ ਤੋਂ ਸਿੱਟਾ ਨਿਕਲਦਾ ਹੈ ਕਿ ਰਵਾਇਤੀ 'ਨਵਾਂ ਸਾਲ ਚੜ੍ਹਨਾ' ਨਾਂ ਤਾਂ ਕੋਈ ਕੁਦਰਤੀ ਵਰਤਾਰਾ ਹੈ ਅਤੇ ਨਾ ਹੀ ਇਸ ਦਾ ਕੋਈ ਵਿਗਿਆਨਕ ਆਧਾਰ ਹੈ। ਇਹ ਤਾਂ ਭਾਰੂ ਕੌਮ ਦੇ ਮਨੁੱਖਾਂ ਨੇ ਸਮੇਂ ਦੀ

ਕੰਮ-ਚਲਾਊ ਵੰਡ ਕਰਨ ਲਈ ਆਪਣੀ ਸਹੂਲਤ ਅਨੁਸਾਰ ਮਿਥਿਆ ਹੈ। ਇਹ ਜ਼ਰੂਰੀ ਵੀ ਹੈ ਕਿਉਂਕਿ ਇਸ ਤੋਂ ਬਿਨਾਂ ਵਿਗਿਆਨ ਦੀਆਂ ਗਿਣਤੀਆਂ-ਮਿਣਤੀਆਂ ਸੰਭਵ ਨਹੀਂ ਹਨ।

ਇਸ ਦਾ ਭਾਵ ਇਹ ਵੀ ਨਹੀਂ ਹੈ ਕਿ ਇਸ ਪ੍ਰੰਪਰਾ ਨੂੰ ਤਿਆਗ ਦਿੱਤਾ ਜਾਵੇ। ਸਮਾਜਿਕ ਸਾਂਝਾਂ ਮਜ਼ਬੂਤ ਕਰਨ ਹਿਤ ਮਨੁੱਖ ਹਮੇਸ਼ਾਂ ਕੁੱਝ ਖੁਸ਼ੀਆਂ ਭਰੇ ਮੌਕਿਆਂ ਦੀ ਤਲਾਸ਼ ਕਰਦਾ ਹੈ। ਰਲ ਮਿਲ ਕੇ ਨਵਾਂ ਸਾਲ ਮਨਾਉਣਾ ਵੀ ਇੱਕ ਅਜਿਹਾ ਹੀ ਜਸ਼ਨ ਹੈ। ਲੋੜ ਹੈ, ਇਸ ਮੁਬਾਰਕ ਮੌਕੇ ਨੂੰ ਹੁੱਲੜਬਾਜ਼ੀ ਤੇ ਫਜ਼ੂਲ ਖਰਚੀ ਕਰਕੇ ਸਮਾਜਵਿਰੋਧੀ ਬਣਾਉਣ ਦੀ ਬਿਜਾਏ ਸਮਾਜ ਦੇ ਵਿਕਾਸ ਦੇ ਇੱਕ ਸ਼ੁੱਭ ਪੜਾਅ ਵਜੋਂ ਮਨਾਉਣ ਦੀ। ਇਸ ਨੂੰ ਮਨਾਉਣ ਦਾ ਵਧੀਆ ਢੰਗ ਹੋਵੇਗਾ ਕਿ ਇਸ ਮੌਕੇ ਪਿਛਲੇ ਸਾਲਾਂ ਦੌਰਾਨ ਸਮਾਜ ਵਿੱਚ ਪੈਦਾ ਹੋਈਆਂ ਅਤੇ ਵਧੀਆਂ-ਫੁੱਲੀਆਂ ਵਿਅਕਤੀਗਤ, ਪਰਿਵਾਰਿਕ ਅਤੇ ਸਮਾਜਿਕ ਬੁਰਾਈਆਂ ਤੇ ਊਣਤਾਈਆਂ ਦੀ ਪਰਖ ਪੜਚੋਲ ਕਰਕੇ ਨਵੇਂ ਸਾਲ ਵਿੱਚ ਇਨ੍ਹਾਂ ਨੂੰ ਦੂਰ ਕਰਨ ਲਈ ਕਾਰਜ ਆਰੰਭੇ ਜਾਣ। ਵਿਦੇਸ਼ੀਂ ਭੱਜ ਕੇ ਪੰਜਾਬ ਨੂੰ ਬੌਧਿਕ ਕੰਗਾਲੀ ਵੱਲ ਧੱਕ ਰਹੇ ਨੌਜਵਾਨਾਂ ਨੂੰ ਇੱਥੇ ਹੀ ਵਧੀਆ ਰੁਜ਼ਗਾਰ ਦੇਣ ਲਈ ਉਪਰਾਲੇ ਕੀਤੇ ਜਾਣ, ਘਰੇਲੂ ਝਗੜਿਆਂ ਕਾਰਨ ਟੁੱਟ ਰਹੇ ਪਰਿਵਾਰਾਂ ਨੂੰ ਬਚਾਉਣ ਦਾ ਹੀਲਾ ਕੀਤਾ ਜਾਵੇ, ਵਿਆਹਾਂ ਸਮੇਂ ਮੈਰਿਜ ਪੈਲੇਸਾਂ ਵਿੱਚ ਕੀਤੀ ਜਾਂਦੀ ਫਜ਼ੂਲਖਰਚੀ ਘਟਾਉਣ ਲਈ ਚੇਤਨਤਾ ਪੈਦਾ ਕੀਤੀ ਜਾਵੇ, ਕਰਜ਼ੇ ਹੇਠ ਦੱਬੇ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ ਦੀ ਮਦਦ ਕੀਤੀ ਜਾਵੇ ਅਤੇ ਗੁੰਮਰਾਹ ਹੋ ਕੇ ਨਸ਼ਿਆਂ ਵਿੱਚ ਡੁੱਬੇ ਨੌਜਵਾਨਾਂ ਨੂੰ ਆਪਣੇ ਘਰਾਂ ਵੱਲ ਮੋੜਿਆ ਜਾਵੇ। ਇਨ੍ਹਾਂ ਸਾਰੇ ਕੰਮਾਂ ਲਈ ਯੋਗ ਰਾਜਨੀਤਿਕ ਆਗੂਆਂ ਦੀ ਅਤਿ ਆਵਸ਼ਕਤਾ ਹੈ। ਇਸ ਲਈ ਕਿਸੇ ਪ੍ਰਕਾਰ ਦੇ ਲਾਲਚ ਅਤੇ ਡਰ ਨੂੰ ਤਿਆਗ ਕੇ ਸਮਾਜ ਸੇਵੀ, ਇਮਾਨਦਾਰ ਤੇ ਪ੍ਰਤਿਬੱਧ ਨੇਤਾਵਾਂ ਦੀ ਚੋਣ ਕਰੀਏ। ਇਸ ਕਠਿਨ ਕਾਰਜ ਹਿਤ ਸਮਾਜਿਕ ਚੇਤਨਤਾ ਪੈਦਾ ਕਰਨ ਲਈ ਕੋਈ ਲਹਿਰ ਚਲਾਉਣ ਦੀ ਲੋੜ ਹੈ। ਆਓ! ਸਾਰੇ ਅਗਾਂਹਵਧੂ ਅਤੇ ਸੱਭਿਅਕ ਸਮਾਜ ਦੀ ਸਿਰਜਣਾ ਕਰਨ ਲਈ ਹਰ ਸਾਲ ਨਵੇਂ ਸਾਲ ਦੇ ਜਸ਼ਨਾਂ ਨੂੰ ਚਿੰਤਨ ਤੇ ਉਸਾਰੂ ਸੋਚ ਨਾਲ ਮਨਾਉਣ ਦਾ ਪ੍ਰਣ ਕਰੀਏ ਤਾਂ ਜੋ ਨਵਾਂ ਸਾਲ ਸਾਰਿਆਂ ਲਈ ਨਵੀਆਂ ਖੁਸ਼ੀਆਂ ਲੈ ਕੇ ਆਵੇ। ਇਸ ਉਮੀਦ ਨਾਲ 'ਸੈਣੀ ਸੰਸਾਰ' ਮੈਗਜ਼ੀਨ ਦੇ ਸਾਰੇ ਪਾਠਕਾਂ ਨੂੰ ਨਵੇਂ ਸਾਲ, 2019 ਦੀਆਂ ਬਹੁਤ ਬਹੁਤ ਵਧਾਈਆਂ।

-ਪ੍ਰਧਾਨ, ਸੈਣੀ ਭਵਨ ਰੂਪਨਗਰ

* * * * *

**ਨਵੇਂ ਸਾਲ 2019 ਦੀ ਸੈਣੀ ਸੰਸਾਰ ਦੇ ਪਾਠਕਾਂ ਨੂੰ ਲੱਖ-ਲੱਖ ਵਧਾਈ।**

## ਕਰਤਾਰਪੁਰ ਲਾਂਘਾ ਖੁਲ੍ਹਣ 'ਤੇ

ਖੁਸ਼ੀ ਦਾ ਇਜ਼ਹਾਰ

**ਇਰਸ਼ਾਦ ਸੰਧੂ**
ਪੱਛਮੀ ਪੰਜਾਬ

ਕੁੱਝ ਤੇ ਨੇੜ ਨੜੇਪਾ ਵਧਿਆ, ਕੁੱਝ ਤੇ ਆਸਾਂ ਪੁੱਗੀਆਂ।
ਕੁੱਝ ਤੇ ਵੈਰ ਦੇ ਨਾਗ ਮਿੱਧੀਜੇ, ਕੁੱਝ ਤੇ ਸਾਗਾਂ ਉੱਗੀਆਂ।
ਕੁੱਝ ਤੇ ਸੁੱਕੀ ਸਿੱਕ ਦੀ ਹਿੱਕ ਤੇ, ਖਿੜ ਪਏ ਫੁੱਲ ਨਰੋਏ।
ਕੁੱਝ ਤੇ ਦੂਰੀ ਵਾਲੇ ਕੰਡੇ, ਬੋੜੇ ਹੋ ਕੇ ਮੋਏ।
ਕੁੱਝ ਤੇ ਵਾਵਾਂ ਇੱਕ ਦੂਜੇ ਵੱਲ, ਹੱਸ ਕੇ ਬਾਂਹ ਵਧਾਈ।
ਕੁੱਝ ਤੇ ਸੀਨੇ ਠਾਰਨ ਵਾਲੀ, ਜੱਫੀਆਂ ਦੀ ਰੁੱਤ ਆਈ।
ਕੁੱਝ ਤੇ ਆਈਆਂ ਕਣਕ ਕਪਾਹਵਾਂ,ਇੱਕ ਦੂਜੇ ਦੇ ਲਾਗੇ।
ਕੁੱਝ ਤੇ ਖੇਤੀਂ ਹੌਕੇ ਭਰਦੀ, ਭਾਗ ਸਰੋਂ ਦੇ ਜਾਗੇ।
ਕੁੱਝ ਤੇ ਵੀਰਾਂ ਇੱਕ ਦੂਜੇ ਨੂੰ, ਦਿਲ ਦੇ ਦੁੱਖੜੇ ਦੱਸੇ।
ਕੁੱਝ ਤੇ ਸਾਡੇ ਬੋਹੜਾਂ ਕਿੱਕਰ, ਉਮਰਾਂ ਪਿੱਛੋਂ ਹੱਸੇ।
ਕੁੱਝ ਤੇ ਸਾਡੇ ਅੰਬਰ ਸ਼ਰੀਹਾਂ, ਦੁੱਖ ਤੇ ਸੁੱਖ ਵੰਡਾਏ।
ਕੁੱਝ ਤੇ ਪਿੱਪਲ ਨਿੰਮ ਧਰੇਕਾਂ, ਆਪਣੇ ਹਾਲ ਸੁਣਾਏ।
ਕੁੱਝ ਤੇ ਸਾਡੇ ਹੀਰੇ ਮੋਤੀ, ਬਰਾ ਬਰੋਬਰ ਤੁੱਲੇ।
ਕੁੱਝ ਤੇ ਸੰਗਲ਼ ਵੱਜੇ ਰਸਤੇ, ਇੱਕ ਦੂਜੇ ਲਈ ਖੁੱਲ੍ਹੇ।
ਕੁੱਝ ਤੇ ਬਾਬੇ ਨਾਨਕ ਵਾਂਗੂੰ, ਸਾਂਝੀ ਤੌਣ ਵਲੋਈ।
ਕੁੱਝ ਤੇ ਮੁਰਸ਼ਦ ਬੁੱਲੇ ਵਾਲੀ, ਥੱਈਆ ਥੱਈਆ ਹੋਈ।
ਕੁੱਝ ਤੇ 'ਸੰਧੂ' ਨਦੀਆਂ ਦਾ ਵੀ, ਲੱਥਾ ਅੱਜ ਥਕੇਵਾਂ।
ਕੁੱਝ ਤੇ ਸਾਡੇ ਦਰਿਆਵਾਂ ਦਾ ਮੁੱਕਿਆ ਏ ਉਦਰੇਵਾਂ।
ਕੁੱਝ ਤੇ ਲਹਿੰਦੇ ਚੜ੍ਹਦੇ ਵਲੋਂ, ਅਮਨਾਂ ਦਾ ਮੀਂਹ ਵਰ੍ਹਿਆ।
ਕੁੱਝ ਤੇ ਸਾਡੀ ਧਰਤੀ ਮਾਂ ਦਾ, ਬਲਦਾ ਸੀਨਾ ਠਰਿਆ।

* * * * *

**ਤਿਮਾਹੀ ਮੈਗਜ਼ੀਨ ਸੈਣੀ ਸੰਸਾਰ ਦੇ ਮੈਂਬਰ ਬਣੋ**
**ਚੰਦਾ : 100 ਰੁ: ਸਲਾਨਾ।**

**ਸੈਣੀ ਭਵਨ ਦੇ ਆਜੀਵਨ ਮੈਂਬਰ ਬਣੋ :**
**ਮੈਂਬਰਸ਼ਿਪ ਫੀਸ : 2500 ਰੁ: (ਸਮੇਤ ਮੈਗਜ਼ੀਨ)**

ਤਿਮਾਹੀ ਅਕਤੂਬਰ - ਦਸੰਬਰ 2018 ਦੌਰਾਨ

# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ



ਰਾਜਿੰਦਰ ਸੈਣੀ
ਰੂਪਨਗਰ

**ਮੈਗਜ਼ੀਨ "ਸੈਣੀ ਸੰਸਾਰ" ਦੇ 31ਵੇਂ ਅੰਕ ਦਾ ਲੋਕ ਅਰਪਣ:-**

ਸਮਾਜ ਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵੱਲੋਂ ਪ੍ਰਕਾਸਿਤ ਕੀਤੇ ਜਾਂਦੇ ਸਮਾਜਿਕ ਚੇਤਨਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 31ਵਾਂ ਅੰਕ 4 ਅਕਤੂਬਰ, 2018 ਨੂੰ ਸੈਣੀ ਭਵਨ ਵਿਖੇ ਲੋਕ ਅਰਪਣ ਕੀਤਾ ਗਿਆ। ਇਸ ਨੂੰ ਰਿਲੀਜ਼ ਕਰਨ ਦੀ ਰਸਮ ਤਹਿਸੀਲਦਾਰ (ਰਿਟਾ.) **ਸ. ਅਜੀਤ ਸਿੰਘ ਲੋਂਗੀਆ** ਨੇ ਅਦਾ ਕੀਤੀ। ਸਮਾਰੋਹ ਨੂੰ ਸੰਬੋਧਨ ਕਰਦਿਆਂ ਸ. ਲੋਂਗੀਆ ਨੇ ਟਰੱਸਟ ਵੱਲੋਂ ਸਮਾਜ ਸੇਵਾ ਦੇ ਨਾਲ ਸਿੱਖਿਆਂ ਨੂੰ ਉਤਸਾਹਿਤ ਕਰਨ ਲਈ ਕੀਤੇ ਰਹੇ ਲੋਕ ਭਲਾਈ ਦੇ ਕਾਰਜ਼ਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਲੋਕ ਭਲਾਈ ਕਾਰਜ਼ ਨੂੰ ਹੋਰ ਉਤਸਾਤਿਹ ਕਰਨ ਲਈ ਸੰਸਥਾ ਨੂੰ 11 ਹਜ਼ਾਰ ਰੁਪਏ ਦਾਨ ਕੀਤੇ ਅਤੇ ਘੋਸ਼ਣਾ ਕੀਤੀ ਕਿ ਉਹ ਪੱਕੇ ਤੋਰ ਤੇ ਸੰਸਥਾ ਨਾਲ ਜੁੜ ਕੇ ਤਨ ਮਨ ਧਨ ਨਾਲ ਸਮਾਜ ਸੇਵਾ ਦੇ ਕਾਰਜ਼ਾ ਵਿੱਚ ਆਪਣਾ ਵੱਧ ਚੜਕੇ ਯੋਗਦਾਨ ਪਾਉਂਦੇ ਰਹਿਣਗੇ। ਸਮਾਗਮ ਦੌਰਾਨ ਸੰਸਥਾ ਵਿਖੇ ਸਿਲਾਈ ਕਢਾਈ, ਬਿਊਟੀਸ਼ਨ ਅਤੇ ਕੰਪਿਊਟਰ ਦੇ ਕੋਰਸ਼ ਪੂਰੇ ਕਰਨ ਵਾਲੀਆਂ ਲੜਕੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਸੰਸਥਾ ਦੇ ਸਭ ਤੋਂ ਵੱਧ ਉਮਰ ਦੇ ਟਰੱਸਟੀ ਕੈਪਟਨ ਹਾਕਮ ਸਿੰਘ ਦਾ ਸਨਮਾਨ ਕੀਤਾ ਗਿਆ ਅਤੇ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਮਹੀਨਾ ਅਕਤੂਬਰ ਦੌਰਾਨ ਜਨਮ ਦਿਨ ਵਾਲੇ ਅਹੁਦੇਦਾਰਾਂ ਸ. ਆਰ.ਐਸ ਸੈਣੀ, ਸ. ਗੁਰਚਰਨ ਸਿੰਘ, ਪੋ. ਮਲਕੀਅਤ ਸਿੰਘ ਤੇ ਸ. ਬੀ.ਐਸ ਪਾਬਲਾ ਨੂੰ ਵਧਾਈ ਦਿੱਤੀ ਗਈ। ਸਮਾਰੋਹ ਦੇ ਅਰੰਭ ਵਿੱਚ ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਆਏ ਮੁੱਖ ਮਹਿਮਾਨ ਤੇ ਮਹਿਮਾਨਾਂ ਦਾ ਸਵਾਗਤ ਕੀਤਾ, ਮੀਤ ਪ੍ਰਧਾਨ ਗੁਰਮੁੱਖ ਸਿੰਘ ਲੋਂਗੀਆ ਨੇ ਮੁੱਖ ਮਹਿਮਾਨ ਦੀ ਸ਼ਖ਼ਸੀਅਤ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਸੈਣੀ ਭਵਨ ਦੀਆਂ ਸਰਗਰਮੀਆਂ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਦੱਸਿਆ ਕਿ ਸੰਸਥਾ ਵੱਲੋਂ ਹਰ ਸਾਲ ਸਿੱਖਿਆ ਸਮਾਗਮ ਦੌਰਾਨ ਆਰਥਿਕ ਪੱਖੋ ਕਮਜ਼ੋਰ ਪਰਿਵਾਰਾਂ ਦੇ ਹੋਣਹਾਰ ਵਿਦਿਆਰਥੀਆਂ ਵਜੀਫ਼ੇ ਵੰਡੇ ਜਾਂਦੇ ਹਨ।

ਸਮਾਰੋਹ ਦੌਰਾਨ ਜ਼ਿਲ੍ਹਾ ਪੁਲਿਸ ਦੇ ਟ੍ਰੈਫਿਕ ਸੈਲ ਇੰਚਾਰਜ ਏ.ਐਸ.ਆਈ. ਸੁਖਦੇਵ ਸਿੰਘ ਨੇ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ। ਸਮਾਰੋਹ ਦੌਰਾਨ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਤੋਂ ਇਲਾਵਾ ਕਲਾਕਾਰ ਕੁਲਵੀਰ ਸਿੰਘ ਸੈਣੀ, ਠੇਕੇਦਾਰ ਰੋਸ਼ਨ ਸਿੰਘ, ਦੇਵਿੰਦਰ ਸਿੰਘ ਜਟਾਣਾ, ਸੁਰਜੀਤ ਸੈਣੀ, ਹਰਦੇਵ ਸਿੰਘ, ਇੰਜ. ਕੁਲਤਾਰ ਸਿੰਘ, ਬਲਡ ਡੋਨਰ ਦਲਜੀਤ ਸਿੰਘ, ਬੀ.ਐਸ ਸੈਣੀ, ਕੁਲਦੀਪ ਸਿੰਘ ਗੋਲੀਆ, ਵਿਜੈ ਲਕਛਮੀ ਸੈਣੀ, ਸੁਖਵਿੰਦਰ ਸਿੰਘ, ਗੁਰਮੀਤ ਸਿੰਘ, ਮੋਹਨ ਸਿੰਘ, ਕਸ਼ਮੀਰ ਸਿੰਘ ਸਵਰਨਜੀਤ ਸਿੰਘ, ਸੁਰਜੀਤ ਸਿੰਘ, ਭਾਗ ਸਿੰਘ ਆਦਿ ਹਾਜ਼ਰ ਸਨ।

**ਸਿੱਖਿਆਰਥਣਾਂ ਦੇ ਹੁਨਰ-ਪਰਖ ਮੁਕਾਬਲਿਆਂ ਦਾ ਆਯੋਜਨ:-**

ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਸੰਸਥਾ ਵਿਖੇ ਵੱਖ ਵੱਖ ਕੋਰਸ ਕਰ ਰਹੀਆਂ ਸਿੱਖਿਆਰਥਣਾਂ ਦੇ ਹੁਨਰ ਦੀ ਪਰਖ ਕਰਨ ਲਈ 7 ਅਕਤੂਬਰ, 2018 ਨੂੰ ਮੁਕਾਬਲੇ ਕਰਵਾਏ ਗਏ। ਸਿਲਾਈ ਕਢਾਈ ਸਕੂਲ ਦੀਆਂ ਸਿੱਖਿਆਰਥਣਾਂ ਦੇ ਮੁਕਾਲਿਆਂ ਦੌਰਾਨ ਗਲੇ ਦਾ ਡਿਜ਼ਾਇਨ ਦੇ ਮੁਕਾਬਲੇ ਵਿੱਚ ਦਲਜੀਤ ਕੋਰ ਪਹਿਲੇ ਤੇ ਜਸਪ੍ਰੀਤ ਕੌਰ ਤੇ ਤਮੰਨਾ ਦੂਜੇ ਸਥਾਨ ਤੇ ਰਹੀਆਂ। ਸਲਵਾਰ ਦੇ ਪਹੁੰਚੇ ਦਾ ਡਿਜ਼ਾਇਨ ਮੁਕਾਬਲੇ 'ਚ ਕਿਰਨਦੀਪ ਕੌਰ ਪਹਿਲੇ ਅਤੇ ਪਰਮਿੰਦਰ ਕੌਰ ਦੂਜੇ ਸਥਾਨ ਤੇ; ਕਢਾਈ ਮੁਕਾਬਲੇ ਵਿੱਚ ਰਜੀਨਾ ਪਹਿਲੇ ਅਤੇ ਪਰਮਜੀਤ ਕੌਰ ਦੂਜੇ ਤੇ, ਪੇਂਟਿੰਗ ਮੁਕਾਬਲੇ ਵਿੱਚ ਸਿਮਰਨ ਪਹਿਲੇ ਅਤੇ ਰਾਜਵਿੰਦਰ ਕੌਰ ਤੇ ਮਨਿੰਦਰ ਕੌਰ ਦੂਜੇ ਤੇ ਰਹੀਆ। ਇਸੇ ਤਰਾਂ ਫੈਸ਼ਨ ਡਿਜ਼ਾਇਨ ਸੈਂਟਰ ਦੇ ਮੁਕਾਬਲੇ ਵਿੱਚ ਸੁਦੇਸ਼ ਕੁਮਾਰੀ ਨੇ ਪਹਿਲਾ ਅਤੇ ਇੰਦੂ ਬਾਲਾ ਨੇ ਦੂਜਾ ਸਥਾਨ ਹਾਸਿਲ ਕੀਤਾ। ਬਿਊਟੀਸ਼ਨ ਆਰਟ ਸੈਂਟਰ ਦੇ ਮਹਿੰਦੀ ਲਗਾਉਣ ਦੇ ਮੁਕਾਬਲੇ ਵਿੱਚ ਕਾਜਲ ਸ਼ਰਮਾ ਨੇ ਪਹਿਲਾ ਅਤੇ ਅਮਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ। ਜਦਕਿ ਹੇਅਰ ਸਟਾਇਲ ਵਿੱਚ ਪੂਜਾ ਪਹਿਲੇ ਸਥਾਨ ਤੇ ਰਹੀ। ਸੰਸਥਾ ਦੇ ਪ੍ਰਿੰਸੀਪਲ ਅਮਰਜੀਤ ਸਿੰਘ ਅਤੇ ਮੁੱਖ ਸਲਾਹਕਾਰ ਡਾ. ਜਸਵੰਤ ਕੌਰ ਵੱਲੋਂ ਆਯੋਜਨ ਕੀਤੇ ਇਸ ਮੁਕਾਬਲੇ ਦੌਰਾਨ ਜੱਜਾਂ ਦੀ ਭੂਮਿਕਾ ਇੰਦਰਜੀਤ ਕੌਰ ਵਾਲੀਆ, ਸੰਤੋਸ਼ ਸੈਣੀ ਅਤੇ ਵਿਜੇ ਲਕਛਮੀ ਨੇ ਨਿਭਾਈ।

ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਰਹੀਆਂ ਸਿੱਖਿਆਰਥਣਾਂ ਨੂੰ ਬਲਾਕ ਸਮੰਤੀ ਰੂਪਨਗਰ ਲਈ ਨਵੀ ਚੁੱਣੀ ਗਈ ਮੈਂਬਰ ਕਮਲਜੀਤ ਕੌਰ ਕਾਬੜਵਾਲ ਨੇ ਇਨਾਮ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਸਿੱਖਿਆਰਥਣਾਂ ਨੂੰ ਤਕਨੀਕੀ ਮੁਹਾਰਤ ਹਾਸਲ ਕਰਨ ਲਈ ਵਧਾਈ ਦਿੱਤੀ ਅਤੇ ਸੈਣੀ ਭਵਨ ਦੀ ਸੰਸਥਾਂ ਵੱਲੋਂ ਲੜਕੀਆਂ ਨੂੰ ਹੁਨਰਬੰਦ ਬਣਾਉਣ ਲਈ ਕੀਤੇ ਜਾ ਰਹੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਇਸ ਸਮੇਂ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਸਿੱਖਿਆਰਣਾਂ ਨੂੰ ਜਿੰਦਗੀ ਵਿੱਚ ਸਫਲ ਹੋਣ ਲਈ ਸਖਤ ਮਿਹਨਤ ਕਰਕੇ ਆਪਣੇ ਹੁਨਰ ਵਿੱਚ ਨਿਖਾਰ ਲਿਆਉਣ ਲਈ ਪ੍ਰੇਰਤ ਕੀਤਾ। ਇਸ ਮੌਕੇ ਜਰਨੈਲ ਸਿੰਘ ਕਾਬੜਵਾਲ, ਮਾਸਟਰ ਅਵਤਾਰ ਸਿੰਘ, ਸੰਸਥਾ ਦੀਆਂ ਅਧਿਆਪਕਾਵਾਂ ਕਿਰਨ ਜੋਸ਼ੀ, ਉਰਮਲਾ ਸ਼ਰਮਾ, ਅਮਨ ਸੈਣੀ, ਕਿਰਨਜੀਤ ਤੇ ਰੇਖਾ

ਕਪੂਰ ਆਦਿ ਵੀ ਹਾਜ਼ਰ ਸਨ।

**ਸਾਲਾਨਾ ਭਾਸ਼ਨ ਪ੍ਰਤਿਯੋਗਤਾ ਦਾ ਆਯੋਜਨ:-**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਰੂਪਨਗਰ ਵੱਲੋਂ ਸਾਲਾਨਾ ਸਿੱਖਿਆ ਸਮਾਗਮ ਦੇ ਪਹਿਲੇ ਭਾਗ ਦੌਰਾਨ 31 ਅਕਤੂਬਰ 2018 ਨੂੰ ਸੈਣੀ ਭਵਨ ਵਿਖੇ ਵਿਦਿਆਰਥੀਆਂ ਦੇ ਸੀਨੀਅਰ ਵਰਗ ਲਈ ਅੰਗਰੇਜ਼ੀ ਵਿੱਚ Migration of Youth to foreign countries- Necessity or Craze ਅਤੇ ਜੂਨੀਅਰ ਵਰਗ ਦੇ ਵਿਦਿਆਰਥੀਆਂ ਲਈ ਪੰਜਾਬੀ ਵਿੱਚ ''ਬਜ਼ੁਰਗਾਂ ਦਾ ਘਟ ਰਿਹਾ ਸਤਿਕਾਰ-ਕਾਰਨ ਅਤੇ ਹੱਲ'' ਦੇ ਵਿਸ਼ਿਆਂ ਬਾਰੇ ਭਾਸ਼ਨ ਪ੍ਰਤਿਯੋਗਤਾ ਕਰਵਾਈ ਗਈ। ਵਿਦਿਆਰਥੀਆਂ ਵਿੱਚ ਸਮਾਜਿਕ ਬੁਰਾਈਆਂ ਪ੍ਰਤਿ ਸੰਵੇਦਨਾ ਅਤੇ ਚੇਤਨਾ ਪੈਦਾ ਕਰਨ ਦੇ ਉਦੇਸ਼ ਨਾਲ ਕਰਵਾਈ ਇਸ ਪ੍ਰਤਿਯੋਗਤਾ ਵਿੱਚ 21 ਸੰਸਥਾਵਾਂ ਦੇ 37 ਵਿਦਿਆਰਥੀਆਂ ਨੇ ਭਾਗ ਲਿਆ।

ਸੀਨੀਅਰ ਵਰਗ ਵਿੱਚ ਸ਼ਿਵਾਲਿਕ ਪਬਲਿਕ ਸਕੂਲ ਰੂਪਨਗਰ ਦੇ ਵਿਦਿਆਰਥੀ ਸਾਗਰ ਰੋਹਥਾਨ ਨੇ ਪਹਿਲਾ, ਸੈਟ ਕਾਰਮਲ ਸਕੂਲ ਕਟਲੀ ਦੇ ਹਰਸ਼ ਤਿਵਾੜੀ ਨੇ ਦੂਜਾ ਅਤੇ ਨੈਸ਼ਨਲ ਪਬਲਿਕ ਸਕੂਲ ਕੁਰਾਲੀ ਦੀ ਤਰਨੀਤ ਕੌਰ ਨੇ ਤੀਜਾ ਸਥਾਨ ਹਾਸਲ ਕਰਕੇ ਕਰਮਵਾਰ 2000/-, 1600/- ਤੇ 1200/- ਰੁਪਏ ਦੇ ਨਕਦ ਇਨਾਮ ਜਿੱਤੇ ਜਦਕਿ ਨੈਸ਼ਨਲ ਪਬਲਿਕ ਸਕੂਲ ਕੁਰਾਲੀ ਦੇ ਹੀ ਨਿਤਿਨ ਵਰਮਾ ਤੇ ਕਿਡਜ਼ ਪੈਰਾਡਾਇਜ਼ ਰੰਗੀਲਪੁਰ ਦੀ ਪ੍ਰਭਜੋਤ ਕੌਰ ਨੂੰ ਕਨੰਸੋਲੇਸ਼ਨ ਇਨਾਮਾਂ ਲਈ ਚੁਣਿਆ ਗਿਆ। ਜੂਨੀਅਰ ਵਰਗ ਵਿੱਚ ਪਹਿਲੇ ਸਥਾਨ 'ਤੇ ਸੈਂਟ ਕਾਰਮਲ ਸਕੂਲ ਕਟਲੀ ਦੀ ਅਨੁਕਸ਼ਾ ਸ਼ਰਮਾ, ਦੂਜਾ ਤੇ ਨੈਸ਼ਨਲ ਪਬਲਿਕ ਸਕੂਲ ਕੁਰਾਲੀ ਦੀ ਮਾਨਸ਼ਵੀ ਰਠੌਰ ਅਤੇ ਤੀਜਾ ਤੇ ਦਸ਼ਮੇਸ਼ ਅਕਾਡਮੀ ਸ੍ਰੀ ਅਨੰਦਪੁਰ ਸਾਹਿਬ ਦੀ ਹਰਸ਼ਪ੍ਰੀਤ ਕੌਰ ਨੇ ਕਰਮਵਾਰ 1500/-, 1200/- ਤੇ 1000/- ਰੁਪਏ ਦੇ ਨਕਦ ਇਨਾਮ ਜਿੱਤੇ। ਇਸ ਵਿਸ਼ੇ ਵਿੱਚ ਗੌਰਮਿੰਟ ਹਾਈ ਸਕੂਲ ਮਲਿਕਪੁਰ ਦੀ ਸਿਮਰਜੀਤ ਕੌਰ ਅਤੇ ਮਹਾਰਾਣੀ ਸਤਿੰਦਰ ਕੌਰ ਮਾਡਲ ਸਕੂਲ ਬੇਲਾ ਦੀ ਜੀਵਨਜੋਤ ਕੌਰ ਨੂੰ ਕੰਸਸੋਲੇਸ਼ਨ ਇਨਾਮ ਲਈ ਚੁਣਿਆ ਗਿਆ ਪੰਜਾਬੀ ਭਾਸ਼ਾ ਦੀ ਭਾਸ਼ਣ ਪ੍ਰਤਿਯੋਗਤਾ ਦੌਰਾਨ ਜੱਜਾਂ ਦੀ ਭੂਮਿਕਾ ਪ੍ਰੋ: ਨਿਰਮਲ ਸਿੰਘ ਬਰਾੜ, ਡਾ. ਸੁਰਿੰਦਰ ਕੌਰ ਗਿੱਲ ਤੇ ਸ. ਭਾਗ ਸਿੰਘ ਮਦਾਨ ਵੱਲੋਂ ਨਿਭਾਈ ਗਈ ਜਦੋਂ ਕਿ ਅੰਗਰੇਜ਼ੀ ਵਿਸ਼ੇ ਲਈ ਜੱਜਾਂ ਦੀ ਭੂਮਿਕਾ ਸ. ਦੇਵਿੰਦਰ ਸਿੰਘ ਜਟਾਣਾ, ਸ਼੍ਰੀਮਤੀ ਭਗਵੰਤ ਕੌਰ ਅਤੇ ਡਾ. ਰੇਮਨ ਸ਼ਰਮਾ ਨੇ ਨਿਭਾਈ। ਸਮਾਂ ਚੈਕ ਕਰਨ ਦੀ ਸੇਵਾ ਸ. ਬੀ. ਐਸ ਪਾਬਲਾ ਵੱਲੋਂ ਕੀਤੀ ਗਈ। ਇਹ ਭਾਸ਼ਣ ਮੁਕਾਬਲੇ ਡਾ. ਜਸਵੰਤ ਕੌਰ ਅਤੇ ਸ. ਗੁਰਮੁੱਖ ਸਿੰਘ ਲੋਗੀਆ ਵਲੋਂ ਕਰਵਾਏ ਗਏ ਸਮਾਗਮ ਵਿੱਚ ਆਏ ਵਿਦਿਆਰਥੀਆਂ, ਅਧਿਆਪਕਾਂ ਅਤੇ ਮਹਿਮਾਨਾਂ ਦਾ ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਵੱਲੋਂ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਟਰੱਸਟ ਦੇ ਕਾਰਜ਼ਾਂ ਬਾਰੇ ਜਾਣਕਾਰੀ ਦਿੱਤੀ। ਭਾਸ਼ਨ ਪ੍ਰਤਿਯੋਗਤਾ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ।

**ਸਾਲਾਨਾ ਸਿੱਖਿਆ ਸਮਾਗਮ**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵਲੋਂ 5 ਨਵੰਬਰ 2018 ਨੂੰ ਸੈਣੀ ਭਵਨ ਵਿਖੇ ਸਾਲਾਨਾ ਸਿੱਖਿਆ ਸਮਾਗਮ ਕਰਵਾਇਆ ਗਿਆ ਜਿਸ ਸਮੇ ਟਰੱਸਟ ਵੱਲੋਂ ਵੱਖ ਵੱਖ ਸਿੱਖਿਆ ਸੰਸਥਾਵਾਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰ ਰਹੇ 86 ਵਿਦਿਆਰਥੀਆਂ ਨੂੰ **8,07200 ਰੁਪਏ ਦੇ ਵਜ਼ੀਫ਼ੇ** ਵੰਡੇ ਗਏ। ਇਸ ਰਕਮ ਵਿੱਚ 3 ਲੱਖ ਰੁਪਏ ਦਾ ਐਲ. ਆਰ. ਮੁੰਦਰ ਯਾਦਗਾਰੀ ਵਜ਼ੀਫ਼ਾ ਆਈ.ਆਈ.ਐਮ. ਅਹਿਮਦਾਬਾਦ ਵਿਖੇ ਐਮ.ਬੀ.ਏ. ਕਰ ਰਹੇ ਵਿਦਿਆਰਥੀ ਸੁਖਪਾਲ ਸਿੰਘ ਨੂੰ ਦਿੱਤਾ ਗਿਆ। ਟਰੱਸਟ ਵੱਲੋਂ ਇਸੇ ਵਿਦਿਆਰਥੀ ਨੂੰ ਬੀਤੇ ਸਾਲ ਵੀ ਇਸ ਪੜ੍ਹਾਈ ਲਈ 3 ਲੱਖ ਰੁਪਏ ਦਾ ਵਜ਼ੀਫ਼ਾ ਦਿੱਤਾ ਗਿਆ ਸੀ।

ਵਜ਼ੀਫਾ ਵੰਡ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ **ਆਈ.ਆਈ,ਟੀ. ਰੂਪਨਗਰ ਦੇ ਡਾਇਰੈਕਟਰ ਪ੍ਰੋ. ਸਰਤ ਕੁਮਾਰ ਦਾਸ** ਪਧਾਰੇ। ਉਨ੍ਹਾਂ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਸਿੱਖਿਆ ਪ੍ਰਾਪਤ ਲਈ ਪੈਸੇ ਲਗਾਉਣ ਨਾਲ ਵੱਖ ਵੱਖ ਖੇਤਰਾਂ ਵਿੱਚ ਅੱਗੇ ਵਧਣ ਦੇ ਅਥਾਹ ਮੌਕੇ ਪ੍ਰਾਪਤ ਹੁੰਦੇ ਹਨ, ਕਿਉਕਿ ਸਿੱਖਿਆ ਹੀ ਸਾਡੀ ਅਸਲੀ ਪੂੰਜੀ ਹੈ। ਦੇਸ਼ ਦੀ ਉੱਚ ਵਿਦਿਅਕ ਸੰਸਥਾ ਆਈਆਈਟੀ ਦਾ ਰੋਪੜ (ਰੂਪਨਗਰ) ਵਿੱਚ ਆਉਣ ਨਾਲ ਇਸ ਛੋਟੇ ਸ਼ਹਿਰ ਨੂੰ ਵਿਸ਼ਵ ਪੱਧਰ ਤੇ ਵੱਡੀ ਮਾਨਤਾ ਮਿਲੀ ਹੈ। ਪ੍ਰੋ. ਦਾਸ ਨੇ ਕਿਹਾ ਕਿ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਸਿੱਖਿਆ ਨੂੰ ਉਤਸਾਹਿਤ ਕਰਨ ਲਈ ਜੋ ਕਾਰਜ਼ ਕਰ ਰਿਹਾ ਹੈ ਇਹ ਕਿਸੇ ਧਾਰਮਿਕ ਸਥਾਨ ਨੂੰ ਕਾਇਮ ਕਰਨ ਤੋਂ ਵੀ ਵੱਡਾ ਕਾਰਜ਼ ਹੈ। ਟਰੱਸਟ ਭਵਿੱਖ ਨੂੰ ਸਵਾਰਨ ਦਾ ਜੋ ਉਦਮ ਕਰ ਰਿਹਾ ਹੈ ਇਸ ਦੇ ਭਵਿੱਖ ਵਿੱਚ ਚੰਗੇ ਨਤੀਜੇ ਸਾਹਮਣੇ ਆਉਣਗੇ। ਉਨ੍ਹਾ ਇਸ ਗੱਲ ਤੇ ਖੁਸ਼ੀ ਪ੍ਰਗਟਾਈ ਕਿ ਇਸ ਸਾਲ ਆਈ.ਆਈ.ਟੀ ਰੂਪਨਗਰ ਵਿੱਚ 44 ਲੜਕੀਆਂ ਨੇ ਦਾਖਲਾ ਲਿਆ ਹੈ।

ਸਮਾਗਮ ਦੌਰਾਨ **ਭਾਸ਼ਣ ਪ੍ਰਤਿਯੋਗਤਾ ਦੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ** ਦਿੱਤੇ ਗਏ ਅਤੇ ਸੰਸਥਾ ਵਿਖੇ ਆਪਣੇ ਕੋਰਸ ਮੁਕੰਮਲ ਕਰਨ ਵਾਲੀਆਂ **ਸਿੱਖਿਆਰਥਣਾਂ ਨੂੰ ਸਰਟੀਫਿਕੇਟ ਵੰਡੇ** ਗਏ। ਇਸ ਮੌਕੇ ਪਿੰਡ ਖਾਨਪੁਰ ਦੇ **ਕੌਮੀ ਪੱਧਰ ਦੇ ਇਨਾਮ ਜੇਤੂ ਬਜ਼ੁਰਗ ਦੌੜਾਕ ਬਲਵੰਤ ਸਿੰਘ ਦਾ ਵਿਸ਼ੇਸ਼ ਸਨਮਾਨ** ਕੀਤਾ ਗਿਆ।

ਇਸ ਸਮੇਂ ਸੈਣੀ ਚੈਰੀਟੇਬਲ ਟਰਸਟ ਤੋਂ ਵਜ਼ੀਫੇ ਦੀ ਸਹਾਇਤਾ ਪ੍ਰਾਪਤ ਕਰ ਕੇ ਪੜ੍ਹਾਈ ਕਰਨ ਉਪਰੰਤ ਨੌਕਰੀ ਤੇ ਲੱਗੀ ਲੜਕੀ **ਜਸਕਰਨ ਜੀਤ ਕੌਰ** ਨੇ ਧੰਨਵਾਦ ਵਜੋਂ ਆਪਣੀ ਪਹਿਲੀ ਤਨਖਾਹ 'ਚੋ ਟਰੱਸਟ ਨੂੰ 5100/-

ਰੁਪਏ ਦਾਨ ਦਿੱਤਾ।

ਇਸ ਮੌਕੇ ਸੰਸਥਾ ਦੀਆਂ ਸਿੱਖਿਆਰਥਣਾਂ ਅਤੇ **ਬਲਿਊ ਬਰਡ ਸਕੂਲ ਰੂਪਨਗਰ ਦੇ ਗੂੰਗੇ ਬੋਲੇ ਬੱਚਿਆਂ ਨੇ ਖੂਬਸੂਰਤ ਸਭਿਆਚਾਰਕ ਪ੍ਰੋਗਰਾਮ** ਪੇਸ਼ ਕੀਤੇ।

ਪ੍ਰੋਗਰਾਮ ਦੌਰਾਨ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ, ਸਕੱਤਰ ਸ. ਬਲਬੀਰ ਸਿੰਘ ਤੇ ਪੀਆਰਓ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਦਾ ਸੁਆਗਤ ਕਰਦੇ ਹੋਏ ਟਰੱਸਟ ਦੇ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਟਰੱਸਟ ਨਾਲ ਜੁੜੇ ਦਾਨੀਆਂ ਦਾ ਧੰਨਵਾਦ ਕੀਤਾ।ਸਮਾਗਮ ਨੂੰ ਇੰਜ. ਕਰਨੈਲ ਸਿੰਘ, ਗੁਰਮੁੱਖ ਸਿੰਘ ਸੈਣੀ, ਗੁਰਮੁੱਖ ਸਿੰਘ ਲੋਂਗੀਆਂ, ਸ. ਅਮਰਜੀਤ ਸਿੰਘ, ਡਾ. ਜਸਵੰਤ ਕੌਰ, ਆਈ.ਆਈ.ਐਮ. ਅਹਿਮਾਬਾਦ ਵਿਖੇ ਪੜ੍ਹਾਈ ਕਰ ਰਹੇ ਵਿਦਿਆਰਥੀ ਸੁਖਪਾਲ ਸਿੰਘ ਅਤੇ ਜਸਕਰਨਜੀਤ ਕੌਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਤੇ ਕਰਨਲ ਵਿਨੋਦ ਚੌਧਰੀ, ਪ੍ਰਿੰਸੀਪਲ ਚੰਦਰ ਕਾਂਤਾ (ਰਿਟਾ.), ਕੈਪਟਨ ਹਾਕਮ ਸਿੰਘ, ਐਡਵੋਕਟ ਰਾਵਿੰਦਰ ਸਿੰਘ ਮੁੰਦਰਾ, ਸ. ਜੀਵਨ ਸਿੰਘ ਸਹੋੜਾਂ, ਬੀ. ਐਸ. ਪਾਬਲਾ, ਪ੍ਰੋ. ਮੁਕੇਸ਼ ਸੈਣੀ, ਪੀ.ਸੀ. ਸੈਣੀ, ਥਾਣੇਦਾਰ ਜਗੀਰ ਸਿੰਘ, ਚੌਧਰੀ ਦਲੀਪ ਸਿੰਘ, ਰਣਬੀਰ ਸਿੰਘ, ਅਜੀਤ ਸਿੰਘ, ਅਵਤਾਰ ਸਿੰਘ ਲੋਂਗੀਆ, ਪ੍ਰਿੰਸੀਪਲ ਆਦਰਸ਼ ਸ਼ਰਮਾ, ਸ਼ੇਰ ਸਿੰਘ ਗਰੇਵਾਲ, ਪ੍ਰਿਤਪਾਲ ਸਿੰਘ, ਰਾਜਿੰਦਰ ਸਿੰਘ, ਸੁਰਿੰਦਰ ਸਿੰਘ, ਹਰਦੀਪ ਸਿੰਘ, ਗੁਰਚਰਨ ਸਿੰਘ, ਅਜਮੇਰ ਸਿੰਘ ਧਮੜੇਤ, ਮਨਮੋਹਨ ਕੌਰ, ਸੰਤੋਸ਼ ਸੈਣੀ, ਭਗਵੰਤ ਕੌਰ, ਦਲਜੀਤ ਕੌਰ ਆਦਿ ਹਾਜ਼ਰ ਸਨ।

**ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀਆਂ :-**

ਸਮਾਜ ਸੇਵੀ ਸੰਸਥਾ ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਨੇ 12 ਨਵੰਬਰ 2018 ਨੂੰ ਇੱਕ ਵਿਸ਼ੇਸ਼ ਮੀਟਿੰਗ ਕਰਕੇ **ਸੰਸਥਾ ਦੇ ਟਰੱਸਟੀ ਸ.ਅਜੀਤ ਸਿੰਘ ਦੇ ਸਪੁੱਤਰ ਸ.ਗੁਰਪ੍ਰੀਤ ਸਿੰਘ** (41) ਦੀ ਅਚਾਨਕ ਹੋਈ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਵਿਛੜੀ ਰੂਹ ਦੀ ਆਤਮਿਕ ਸ਼ਾਤੀ ਲਈ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ ਅਤੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਡਾ. ਅਜਮੇਰ ਸਿੰਘ ਨੇ ਕਿਹਾ ਕਿ ਇਹ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਗੁਰਪ੍ਰੀਤ ਸਿੰਘ ਭਰੇ ਪਰਿਵਾਰ ਨੂੰ ਉਸ ਸਮੇਂ ਸ਼ਦੀਵੀ ਵਿਛੋੜਾ ਦੇ ਗਏ ਜਦੋ ਪਰਿਵਾਰ ਖੁਸ਼ੀਆ ਮਨਾ ਰਿਹਾ ਸੀ। ਉਸ ਦੇ ਜਾਣ ਨਾਲ ਪਿਤਾ ਅਜੀਤ ਸਿੰਘ, ਮਾਤਾ ਅਮਰਜੀਤ ਕੌਰ, ਪਤਨੀ ਤੇ ਤਿੰਨ ਬੇਟੀਆਂ ਤੇ ਇੱਕ ਬੇਟੇ ਨੂੰ ਨਾਪੂਰਨਯੋਗ ਘਾਟਾ ਪਿਆ ਹੈ। ਸੰਸਥਾ ਦੇ ਸਮੂਹ ਪ੍ਰਬੰਧਕੀ ਕਮੇਟੀ ਮੈਂਬਰ ਇਹੋ ਅਰਦਾਸ ਕਰਦੇ ਹਨ ਕਿ ਇਸ ਦੁੱਖ ਦੀ ਘੜੀ 'ਚ ਪ੍ਰਮਾਤਮਾ ਅਜੀਤ ਸਿੰਘ ਦੇ ਪਰਿਵਾਰ ਨੂੰ ਇਹ ਭਾਣਾ ਮਨਣ ਲਈ ਬਲ ਬਖ਼ਸੇ।

ਪ੍ਰਬੰਧਕੀ ਕਮੇਟੀ ਨੇ ਸੰਸਥਾ ਦੇ ਮੀਤ ਪ੍ਰਧਾਨ **ਸ. ਬਲਬੀਰ ਸਿੰਘ ਪਾਬਲਾ ਦੀ ਧਰਮ ਪਤਨੀ ਸ਼੍ਰੀਮਤੀ ਗੁਰਚਰਨ ਕੌਰ** ਦੇ ਮਿਤੀ 13 ਨਵੰਬਰ 2018 ਨੂੰ ਅਚਾਨਕ ਸਵਰਗਵਾਸ ਹੋ ਜਾਣ ਤੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

**ਪ੍ਰਮੁੱਖ ਦਾਨੀ ਸਖ਼ਸ਼ੀਅਤ ਸ਼੍ਰੀ ਬਲਦੇਵ ਸਿੰਘ ਮੁੰਦਰਾ ਦਾ ਸਨਮਾਨ:-**

ਸਿੱਖਿਆ ਨੂੰ ਉਤਸ਼ਾਹਿਤ ਕਰਨ ਵਾਲੀ ਪ੍ਰਮੁੱਖ ਦਾਨੀ ਸਖ਼ਸ਼ੀਅਤ ਮੁਬੰਈ ਵਾਸੀ ਸ਼੍ਰੀ ਬਲਦੇਵ ਸਿੰਘ ਮੁੰਦਰਾ 19 ਨਵੰਬਰ 2018 ਨੂੰ ਸੈਣੀ ਭਵਨ ਰੂਪਨਗਰ ਵਿਖੇ ਪਧਾਰੇ। ਇੱਥੇ ਪਹੁੰਣ ਤੇ ਉਨਾਂ ਦਾ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ, ਸਕੱਤਰ ਬਲਬੀਰ ਸਿੰਘ ਅਤੇ ਪ੍ਰਬੰਧਕੀ ਕਮੇਟੀ ਮੈਂਬਰਾਂ ਵੱਲੋਂ ਸਵਾਗਤ ਅਤੇ ਸਨਮਾਨ ਕੀਤਾ ਗਿਆ। ਸ਼੍ਰੀ ਬਲਦੇਵ ਸਿੰਘ ਮੁੰਦਰਾ ਜੋਕਿ ਮੂਲ ਰੂਪ ਤੋਂ ਹਵੇਲੀ ਕਲਾਂ ਦੇ ਜੰਮਪਲ ਹਨ ਸੇਵਾਮੁਕਤੀ ਤੋਂ ਬਾਅਦ ਅੱਜ ਕਲ ਮੁਬੰਈ ਵਿਖੇ ਰਹਿ ਰਹੇ ਹਨ। ਸ਼੍ਰੀ ਮੁੰਦਰਾ "ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.)" ਦੇ ਟਰੱਸਟੀ ਤੇ ਪ੍ਰਮੁੱਖ ਦਾਨੀਆ ਵਿੱਚੋਂ ਇੱਕ ਹਨ। ਸ਼੍ਰੀ ਬਲਦੇਵ ਸਿੰਘ ਮੁੰਦਰਾ ਨੇ ਸੈਣੀ ਭਵਨ ਵਿਖੇ ਪਹੁੰਚ ਕੇ ਇੱਥੇ ਚੱਲ ਰਹੇ ਵੱਖ ਵੱਖ ਤਰਾਂ ਦੇ ਸਿਲਾਈ ਕਢਾਈ, ਫੈਸ਼ਨ ਡਿਜਾਇਨ, ਬਿਊਟੀਸ਼ਨ ਤੇ ਕੰਪਿਊਟਰ ਸੈਂਟਰ ਵੇਖੇ। ਉਨ੍ਹਾਂ ਇੱਥੇ ਕੋਰਸ ਕਰ ਰਹੀਆਂ ਸਿੱਖਿਆਰਥਣਾਂ ਨੂੰ ਮਿਲਕੇ ਪ੍ਰੇਰਣਾ ਕੀਤੀ ਕਿ ਉਹ ਸਫਲ ਹੋਣ ਲਈ ਆਪਣਾ ਕੰਮ ਪੂਰੀ ਲਗਨ, ਮੇਹਤਨ ਅਤੇ ਇਮਾਨਦਾਰੀ ਨਾਲ ਕਰਨ। ਉਨ੍ਹਾਂ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਵੀ ਸਮਾਜ ਭਲਾਈ ਦੇ ਨੇਕ ਕਾਰਜ਼ ਸੁਚਾਰੂ ਢੰਗ ਨਾਲ ਕਰਨ ਲਈ ਵਧਾਈ ਦਿੱਤੀ।

**ਮਹਾਂਦਾਨੀ ਸਵ. ਐਲ. ਆਰ ਮੁੰਦਰਾ ਜੀ ਦਾ 97ਵਾਂ ਜਨਮ ਦਿਨ ਮਨਾਇਆ**

ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ) ਅਤੇ ਸੈਣੀ ਭਵਨ ਦੇ ਟਰੱਸਟੀਆਂ ਵੱਲੋਂ ਪਹਿਲੀ ਅਕਤੂਬਰ, 2018 ਨੂੰ ਇੱਕ ਵਿਸ਼ੇਸ ਮੀਟਿੰਗ ਕਰਕੇ ਬਜ਼ੁਰਗ ਲੋਕਾਂ ਲਈ ਬਣਾਏ "ਆਪਣਾ ਘਰ" ਹਵੇਲੀ ਕਲਾਂ ਦੇ ਸੰਸਥਾਪਕ ਉੱਘੇ ਸਮਾਜ ਸੇਵਕ ਤੇ ਮਹਾਂਦਾਨੀ ਸਵਰਗਵਾਸੀ ਸ਼੍ਰੀ ਲੇਖ ਰਾਜ ਮੁੰਦਰਾ ਨੂੰ ਉਨ੍ਹਾਂ ਦੇ 97ਵੇਂ ਜਨਮ ਦਿਨ 'ਤੇ ਯਾਦ ਕੀਤਾ ਗਿਆ। ਇਸ ਮੌਕੇ 'ਆਪਣਾ ਘਰ. 'ਚ ਰਹਿ ਰਹੇ ਬਜ਼ੁਰਗ ਵੀ ਹਾਜ਼ਰ ਸਨ। ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਦੀ ਅਗਵਾਈ ਵਿੱਚ ਹੋਈ ਮੀਟਿੰਗ ਦੌਰਾਨ ਟਰੱਸਟੀਆਂ ਵੱਲੋਂ ਸਵਰਗੀਆ ਸ਼੍ਰੀ ਮੁੰਦਰਾ ਵੱਲੋਂ ਬਜੁਰਗਾਂ ਦੀ ਭਲਾਈ ਪ੍ਰਤੀ ਸੋਚ ਅਤੇ ਸੀਨੀਅਰ ਸਿਟੀਜ਼ਨਜ਼ ਦੀ ਬੇਹਤਰੀ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ ਗਈ। ਇਹ ਵੀ ਇਤਫ਼ਾਕ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਜਨਮ ਦਿਨ ਵਾਲੇ ਦਿਨ ਹੀ ਅੰਤਰਰਾਸ਼ਟਰੀ ਪੱਧਰ ਤੇ ਸੀਨੀਅਰ ਸਿਟੀਜ਼ਨਜ਼ ਦਿਵਸ ਮਨਾਇਆ ਜਾਂਦਾ ਹੈ।



# ਸਭਨਾ ਜੀਆ ਕਾ ਇਕੁ ਦਾਤਾ

ਡਾ. ਅਜਮੇਰ ਸਿੰਘ

ਸਤੰਬਰ ਮਹੀਨੇ ਦਾ ਅੱਧ। ਸਵੇਰ ਦੇ ਪੌਣੇ ਕੁ ਪੰਜ ਵਜੇ ਦਾ ਸਮਾਂ। ਬਾਹਿਰ ਮੂੰਹ ਹਨੇਰਾ। ਰੋਜ਼ ਵਾਂਗ ਸੈਰ ਲਈ ਨਿਕਲਿਆ। ਬੱਦਲਾਂ ਨਾਲ ਆਸਮਾਨ ਢਕਿਆ ਹੋਇਆ। ਬਾਰਸ਼ ਹੋਣ ਦੇ ਪੂਰੇ ਆਸਾਰ। ਭਿੱਜਣ ਤੋਂ ਡਰਦਾ ਪੰਜਾਹ ਕੁ ਪੈਰ ਪੁੱਟ ਕੇ ਵਾਪਿਸ ਆ ਗਿਆ। ਪਰ ਫਿਰ ਜਾਣ ਦਾ ਮਨ ਬਣਾ ਲਿਆ। ਬਾਈਪਾਸ ਦੇ ਮੋੜ 'ਤੇ ਪੁੱਜਿਆ। ਨਿੱਤਨੇਮ ਕਰਦਿਆਂ 'ਜਪੁ ਜੀ ਸਾਹਿਬ' ਦੇ ਸ਼ਬਦ, 'ਗੁਰਾ ਇਕ ਦੇਹਿ ਬੁਝਾਈ।। ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।।' ਤੱਕ ਪਹੁੰਚਿਆ ਸਾਂ। ਰੋਜ਼ਾਨਾ ਸਵਾ ਪੰਜ ਵਜੇ ਜੰਮੂ ਤੋਂ ਚੰਡੀਗੜ੍ਹ ਆਉਣ ਵਾਲੀ ਟੂਰਿਸਟ ਬਸ ਰੁਕੀ। ਕੰਡਕਟਰ ਦੀ ਉੱਚੀ ਤੇ ਖਰ੍ਹਵੀਂ ਆਵਾਜ਼ ਸੁਣਾਈ ਦਿੱਤੀ, "ਦਰਵਾਜ਼ੇ ਵਿੱਚ ਖੜ੍ਹੇ ਸੋਚਦੇ ਕੀ ਆਂ, ਛੇਤੀ ਉਤਰੋ" ਇਹ ਕਹਿੰਦਿਆਂ ਉਸ ਨੇ ਤਿੰਨ ਬੈਗ ਬਾਹਰ ਸੁੱਟ ਦਿੱਤੇ। ਤਿੰਨ ਸਵਾਰੀਆਂ ਉੱਤਰੀਆਂ। ਇੱਕ ਅੱਧਖੜ੍ਹ ਆਦਮੀ ਅਤੇ ਦੋ ਕੁੜੀਆਂ; ਇੱਕ ਉੱਨੀ-ਵੀਹ ਕੁ ਸਾਲ ਦੀ, ਦੂਜੀ ਅਜੇ ਬਾਰਾਂ ਕੁ ਸਾਲ ਦੀ। ਬੱਸ ਦੇ ਲੰਘ ਜਾਣ ਤੱਕ ਮੈਨੂੰ ਰੁਕਣਾ ਪਿਆ।ਜਦੋਂ ਉਨ੍ਹਾਂ ਪਾਸੋਂ ਲੰਘਣ ਲੱਗਾ ਤਾਂ ਆਦਮੀ ਨੇ ਆਵਾਜ਼ ਮਾਰੀ, " ਸਰਦਾਰ ਜੀ ! ਮੋਰਿੰਡਾ ਰੋਡ ਯੇਹੀ ਹੈ ?"

"ਨਹੀਂ, ਉਹ ਤਾਂ ਔਹ ਪਿਛਲੇ ਬੱਤੀਆਂ ਵਾਲੇ ਚੌਂਕ ਤੋਂ ਜਾਂਦੀ ਹੈ।" ਮੈਂ ਤੁਰਦਿਆਂ-ਤੁਰਦਿਆਂ ਸਰਸਰੀ ਜਿਹਾ ਜਵਾਬ ਦਿੱਤਾ। ਉਨ੍ਹਾਂ ਨੂੰ ਡੌਰ-ਭੌਰ ਜਿਹੇ ਇੱਧਰ-ਉੱਧਰ ਦੇਖਦਿਆਂ ਮੈਨੂੰ ਲੱਗਾ ਕਿ ਉਨ੍ਹਾਂ ਨੂੰ ਮੇਰੇ ਉੱਤਰ ਨਾਲ ਤਸੱਲੀ ਨਹੀਂ ਹੋਈ। ਸ਼ਾਇਦ ਉਹ ਇਸ ਇਲਾਕੇ ਦੇ ਵਾਕਿਫ ਨਹੀਂ। ਮੈਂ ਰੁਕ ਕੇ ਪੁੱਛਿਆ, " ਤੁਸੀਂ ਜਾਣਾ ਕਿੱਥੇ ਆ?" "ਜੀ, ਸਰਸਵਤੀ ਕਾਲਜ" ਆਦਮੀ ਨੇ ਵੱਡੀ ਲੜਕੀ ਨੂੰ ਪੁੱਛ ਕੇ ਦੱਸਿਆ। ਪੈਂਤੀ ਸਾਲਾਂ ਤੋਂ ਇਸ ਸ਼ਹਿਰ 'ਚ ਰਹਿੰਦਾ ਹਾਂ, ਸਾਰੇ ਇਲਾਕੇ ਦੀਆਂ ਸਿੱਖਿਆ ਸੰਸਥਾਵਾਂ ਦਾ ਵਾਕਿਫ ਹਾਂ। ਇਹ ਸਰਸਵਤੀ ਕਾਲਜ ਕਿਹੜਾ ਹੋਇਆ? ਮੈਂ ਸੋਚੀਂ ਪੈ ਗਿਆ। "ਜੀ ਨਰਸਿੰਗ ਕਾਲਜ ਹੈ" ਕੁੜੀ ਬੋਲੀ। ਫਿਰ ਖਿਆਲ ਆਇਆ ਕਿ ਮੋਰਿੰਡਾ ਰੋਡ 'ਤੇ ਇਥੋਂ ਚਾਰ ਕੁ ਕਿਲੋਮੀਟਰ ਦੂਰ ਇੱਕ ਨਰਸਿੰਗ ਕਾਲਜ ਹੈ ਉਹੀ ਹੋਵੇਗਾ। "ਉਹ ਤਾਂ ਪਿੰਡ ਵਿੱਚ ਹੈ ਜਿੱਥੇ ਜਾਣ ਲਈ ਇਸ ਵੇਲੇ ਤੁਹਾਨੂੰ ਕੋਈ ਸਾਧਨ ਨਹੀਂ ਮਿਲਣਾ"। ਮੈ ਫਿਕਰ ਜ਼ਾਹਿਰ ਕਰਦਿਆਂ ਦੱਸਿਆ। ਉਹ ਚਿੰਤਾ ਅਤੇ ਲਾਚਾਰੀ ਨਾਲ ਮੇਰੇ ਵੱਲ ਦੇਖਣ ਲੱਗਾ। ਦੋਵੇਂ ਲੜਕੀਆਂ ਡਰ ਜਿਹੇ ਨਾਲ ਸੁੰਗੜ ਕੇ ਆਪਣੇ ਬਾਪ ਦੀ ਬਗਲ ਵਿੱਚ ਵੜ ਗਈਆਂ।

ਬੱਦਲ ਗਾੜ੍ਹੇ ਹੋ ਕੇ ਝੁਕ ਗਏ ਸਨ। ਮੀਂਹ ਕਿਸੇ ਸਮੇਂ ਵੀ ਸ਼ੁਰੂ ਹੋ ਸਕਦਾ ਸੀ। ਅਜੇ ਵੀ ਪੂਰਾ ਚਾਨਣ ਨਹੀਂ ਹੋਇਆ ਸੀ। "ਸਰਦਾਰ ਜੀ, ਕਾਲਜ ਪਹੁੰਚਣ ਮੇਂ ਆਪ ਹਮਾਰੀ ਮਦਦ ਕਰੋ। ਅਬ ਹਮ ਕਿੱਧਰ ਜਾਏਂ?" ਆਦਮੀ ਨੇ ਮਜ਼ਬੂਰੀ ਵਿੱਚ ਤਰਲਾ ਮਾਰਿਆ। ਮੇਰੇ ਮੂਹੋਂ ਨਿਕਲਿਆ, " ਇਸ ਸਮੇਂ ਤਾਂ ਮੈਂ ਤੁਹਾਡੀ ਇਹ ਹੀ ਮਦਦ ਕਰ ਸਕਦਾ ਹਾਂ ਕਿ ਤੁਸੀਂ ਮੇਰੇ ਨਾਲ ਘਰ ਚਲੋ। ਆਰਾਮ ਕਰੋ। ਚਾਹ-ਪਾਣੀ ਪੀਓ। ਸੱਤ ਕੁ ਵਜੇ ਮੇਰੇ ਘਰ ਦੇ ਲਾਗੇ ਚੌਂਕ ਤੋਂ ਮੋਰਿੰਡਾ ਵੱਲ ਜਾਂਦੀ ਬੱਸ ਵਿੱਚ ਚੜ੍ਹ ਕੇ ਉਸ ਕਾਲਜ ਅੱਗੇ ਉੱਤਰ ਜਾਇਓ"। ਮੇਰੀ ਉਮੀਦ ਤੋਂ ਉਲਟ ਉਹ ਇਕਦਮ ਮੇਰੇ ਨਾਲ ਜਾਣ ਲਈ ਤਿਆਰ ਹੋ ਗਏ, ਜਿਵੇਂ ਉਨ੍ਹਾਂ ਨੂੰ ਇਸ ਤੋਂ ਇਲਾਵਾ ਹੋਰ ਕੋਈ ਚਾਰਾ ਨਾ ਦਿਸਦਾ ਹੋਵੇ। ਨਿੱਤਨੇਮ ਦਾ ਪਾਠ ਵਿਚਕਾਰ ਹੀ ਛੱਡ ਕੇ ਮੈਂ ਉਨ੍ਹਾਂ ਨਾਲ ਮੁੜ ਪਿਆ। ਦੋ ਕੁ ਸੌ ਗਜ਼ ਪੈਦਲ ਸਫਰ ਦੌਰਾਨ ਉਸ ਆਦਮੀ ਨੇ ਮੈਨੂੰ ਆਪਣੇ ਪਰਿਵਾਰ ਦੀ ਸਾਰੀ ਜਾਣਕਾਰੀ ਦੇ ਦਿੱਤੀ " ਹਮ ਸ੍ਰੀਨਗਰ ਸੇ 10-12 ਕਿਲੋਮੀਟਰ ਦੂਰ ਏਕ ਗਾਂਵ ਕੇ ਰਹਿਨੇ ਵਾਲੇ ਹੈਂ। ਬਾਪ ਖੇਤੀ ਕਰਤਾ ਹੈ। ਮੈਂ ਫੌਜ ਕੇ ਸਪਲਾਈ ਡੀਪੂ ਮੇਂ ਸਟੋਰ-ਕੀਪਰ ਹੂੰ, ਮੇਰੇ ਪਾਂਚ ਲੜਕੀਆਂ ਹੈਂ ਜਿਨ ਮੇਂ ਸੇ ਯੇਹ ਸਾਥ ਆਈ ਤੀਸਰੀ ਹੈ ਜਿਸ ਨੇ ਬੀ.ਐਸ.ਸੀ ਨਰਸਿੰਗ ਮੇਂ ਦਾਖਲਾ ਲੇਨਾ ਹੈ। ਇਸ ਕੀ ਵਾਕਿਫ ਤੀਨ ਲੜਕੀਆਂ ਪਹਿਲੇ ਹੀ ਇਸ ਕਾਲਜ ਮੇਂ ਪੜ੍ਹਤੀ ਹੈਂ। ਉਨਹੋਂ ਨੇ ਹੀ ਬਤਾਇਆ ਥਾ ਕਿ ਪੰਜਾਬ ਲੜਕੀਓਂ ਕੇ ਲੀਏ ਮਹਿਫੂਜ਼ ਸੂਬਾ ਹੈ। ਯੇ ਸਭ ਸੇ ਛੋਟੀ ਪਾਂਚਵੀਂ ਜਮਾਤ ਮੇਂ ਪੜ੍ਹਤੀ ਹੈ। ਯੇ ਭੀ ਪੰਜਾਬ ਦੇਖਨੇ ਕੇ ਲੀਏ ਬਜ਼ਿਦ ਥੀ।....." ਮੇਰੇ ਪੁੱਛਣ 'ਤੇ ਉਸ ਨੇ ਆਪਣਾ ਨਾਂ, ਅਬਦੁਲ ਰਹਿਮਾਨ ਦੱਸਿਆ। ਉਸ ਨੇ ਇਹ ਵੀ ਦੱਸਿਆ ਕਿ ਵੱਡੀ ਹਿੰਦੀ ਬੋਲਦੀ ਤੇ ਸਮਝਦੀ ਹੈ ਪਰ ਛੋਟੀ ਸਿਰਫ ਕਸ਼ਮੀਰੀ ਹੀ ਜਾਣਦੀ ਹੈ। ਘਰ ਪਹੁੰਚ ਕੇ ਮੈਂ ਆਪਣੀ ਪਤਨੀ ਨੂੰ ਸਾਰੀ ਗੱਲ ਦੱਸ ਦਿੱਤੀ। ਉਸ ਨੇ ਲੜਕੀਆਂ ਨੂੰ ਕਲਾਵੇ ਵਿੱਚ ਲੈ ਕੇ ਪਿਆਰ ਕੀਤਾ। ਤਕਰੀਬਨ ਚੌਵੀ ਘੰਟੇ ਦਾ ਸਫਰ ਕਰ ਕੇ ਉਹ ਥੱਕ ਕੇ ਚੂਰ ਹੋਏ ਪਏ ਸਨ। ਉਨ੍ਹਾਂ ਨੇ ਬੜੀ ਸੰਕੋਚ ਨਾਲ ਨਾਸ਼ਤਾ ਕੀਤਾ ਅਤੇ ਸੋਫਿਆਂ 'ਤੇ ਹੀ ਸੌਂ ਗਏ।

ਉਹ ਤਿੰਨੋ ਸੱਤ ਕੁ ਵਜੇ ਉੱਠ ਕੇ ਮੂੰਹ-ਹੱਥ ਧੋਣ ਲੱਗੇ। ਬਾਹਿਰ ਗੜ੍ਹੇਮਾਰ ਬਾਰਿਸ਼ ਹੋ ਰਹੀ ਸੀ ਜਿਸ ਨਾਲ ਸਭ ਪਾਸੇ ਪਾਣੀ ਹੀ ਪਾਣੀ ਹੋ ਗਿਆ। ਬੱਸ ਫੜਨ ਲਈ ਚੌਂਕ ਤੱਕ ਜਾਣਾ ਵੀ ਔਖਾ ਸੀ। ਮੈਂ ਡੂੰਘੀ ਸੋਚ ਵਿੱਚ ਡੁੱਬ ਗਿਆ। ਜੇ ਇਹ ਮੇਰੇ ਆਪਣੇ ਹੁੰਦੇ ਤਾਂ ਕੀ ਮੈਂ ਇਨ੍ਹਾਂ ਨੂੰ ਏਨੇ ਮੀਂਹ ਵਿੱਚ ਬੱਸ ਫੜ ਕੇ ਅਣਜਾਣੇ ਸਥਾਨ 'ਤੇ ਪਹੁੰਚਣ ਲਈ ਕਹਿ ਦੇਂਦਾ? ਮੇਰਾ ਗੁਰੂ ਤਾਂ ਕਹਿੰਦਾ ਹੈ ਕਿ ਸਭਨਾ ਜੀਆਂ ਦਾ ਦਾਤਾ ਇੱਕ ਹੀ ਹੈ। ਫਿਰ ਇਹ ਬੇਗਾਨੇ ਕਿਵੇਂ ਹੋਏ? ਮੈਨੂੰ ਜਾਪਿਆ ਕਿ ਗੁਰੂ ਮੇਰੀ ਪ੍ਰੀਖਿਆ ਲੈ ਰਿਹਾ ਹੈ। ਮੈਂ ਮਨੋਮਨੀ ਉਨ੍ਹਾਂ ਨੂੰ ਆਪਣੀ ਕਾਰ ਵਿੱਚ ਕਾਲਜ ਛੱਡਣ ਦਾ ਫੈਸਲਾ ਕਰ

ਲਿਆ। ਜਦੋਂ ਚੱਲਣ ਲੱਗੇ ਤਾਂ ਘਰ ਵਾਲੀ ਨੇ ਲੜਕੀ ਨੂੰ ਪਿਆਰ ਵਜੋਂ ਤੋਹਫਾ ਦਿੱਤਾ ਅਤੇ ਬਾਪ ਨੂੰ ਉਸ ਦੀ ਧੀ ਦੀ ਹਰ ਪ੍ਰਕਾਰ ਦੀ ਸਹਾਇਤਾ ਦਾ ਵਿਸ਼ਵਾਸ ਦੁਆਇਆ। ਉਹ ਬਹੁਤ ਭਾਵੁਕ ਹੋ ਕੇ ਕਾਰ ਵਿੱਚ ਬੈਠੇ। ਜਦੋਂ ਕਾਲਜ ਵਿੱਚ ਪਹੁੰਚੇ ਤਾਂ ਪਤਾ ਲੱਗਾ ਕਿ ਇਹ ਸਰਸਵਤੀ ਕਾਲਜ ਨਹੀਂ, ਉਹ ਤਾਂ ਇੱਥੋਂ 15 ਕੁ ਕਿਲੋਮੀਟਰ ਦੂਰ ਹੈ। ਮੈਂ ਰੱਬ ਦਾ ਸ਼ੁਕਰ ਕੀਤਾ ਕਿ ਮੈਨੂੰ ਸੁਮੱਤ ਬਖਸ਼ੀ। ਜੇ ਇਹ ਬੱਸ ਚੜ੍ਹਦੇ ਤਾਂ ਇਨ੍ਹਾਂ ਪ੍ਰਦੇਸੀਆਂ ਨੇ ਬਹੁਤ ਖੱਜਲ-ਖੁਆਰ ਹੋਣਾ ਸੀ। ਜ਼ੋਰਦਾਰ ਮੀਂਹ ਪੈ ਰਿਹਾ ਸੀ। ਸੜਕ ਬੁਰੀ ਤਰ੍ਹਾਂ ਟੁੱਟੀ ਹੋਈ ਸੀ ਅਤੇ ਟੋਇਆਂ ਵਿੱਚ ਪਾਣੀ ਭਰਿਆ ਹੋਣ ਕਾਰਨ ਕਾਰ ਚਲਾਉਣੀ ਵੀ ਮੁਸ਼ਕਲ ਹੋ ਰਹੀ ਸੀ। ਪਰ ਕਿਸੇ ਅਦਿੱਖ ਸ਼ਕਤੀ ਦਾ ਪ੍ਰੇਰਿਆ ਮੈ ਰਤਾ ਜਿੰਨੀ ਵੀ ਤਕਲੀਫ ਮਹਿਸੂਸ ਨਹੀਂ ਕਰ ਰਿਹਾ ਸੀ। ਸਰਸਵਤੀ ਕਾਲਜ ਵਿੱਚ ਪਹੁੰਚ ਕੇ ਮੈਂ ਪ੍ਰਿਸੀਪਲ ਨੂੰ ਮਿਲ ਕੇ ਸਾਰੀ ਕਹਾਣੀ ਦੱਸੀ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਨੇ ਹੀ ਦੱਸਿਆ ਕਿ ਇੱਥੇ ਵੀਹ ਦੇ ਕਰੀਬ ਕਸ਼ਮੀਰੀ ਲੜਕੀਆਂ ਪੜ੍ਹਦੀਆਂ ਹਨ ਇਸ ਲਈ ਫਿਕਰ ਕਰਨ ਦੀ ਕੋਈ ਲੋੜ ਨਹੀਂ। ਵਿਦਾ ਹੁੰਦੇ ਸਮੇਂ ਅਬਦੁਲ ਨੇ ਹੱਥ ਜੋੜਦਿਆਂ ਕਿਹਾ, "ਅੱਲਾ ਨੇ ਖੁਦ ਆਪ ਕੋ ਹਮਾਰੀ ਮਦਦ ਕਰਨੇ ਕੇ ਲਿਏ ਭੇਜਾ ਹੈ। ਆਪ ਕਾ ਕੈਸੇ ਸ਼ੁਕਰ ਕਰੂੰ? ਹਮ ਆਪ ਕਾ ਅਹਿਸਾਨ ਕਭੀ ਨਹੀਂ ਭੂਲ ਸਕਤੇ।...ਜਬ ਹਮ ਅਪਨੀ ਬੇਟੀ ਕੋ ਮਿਲਨੇ ਆਏਂਗੇ ਤੋ ਆਪ ਕੇ ਲਿਯੇ ਅਪਨੇ ਖੇਤੋਂ ਕਾ ਕੇਸਰ ਲੇ ਕਰ ਲਾਏਂਗੇ" ਉਸ ਦੀਆਂ ਅੱਖਾਂ ਨਮ ਸਨ।

ਮੈਨੂੰ ਤਾਂ ਪੂਰਾ ਵਿਸ਼ਵਾਸ ਹੈ ਕਿ ਗੁਰੂ ਨੇ ਐਨ ਮੌਕੇ 'ਤੇ ਮੇਰੇ ਕਦਮਾਂ ਨੂੰ ਰੋਕ ਕੇ 'ਸਭਨਾ ਜੀਆ ਕਾ ਇਕ ਦਾਤਾ....ਸ਼ਬਦ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਲਈ ਹੀ ਇਹ ਤਿੰਨੋ ਅਜਨਬੀ ਮੇਰੇ ਪਾਸ ਭੇਜੇ ਸਨ। ਨਹੀਂ ਤਾਂ, ਇਹ ਕਿਵੇਂ ਹੋਇਆ ਕਿ ਮੈਂ ਪਹਿਲਾਂ ਸੈਰ ਤੋਂ ਮੁੜ ਆਇਆ, ਫਿਰ ਬੱਸ ਉਤਰਦਿਆਂ ਹੀ ਇਨ੍ਹਾਂ ਪਾਸ ਪਹੁੰਚ ਗਿਆ ਅਤੇ ਇਹ ਬੇਗਾਨੇ ਇਲਾਕੇ ਵਿੱਚ ਇੱਕ ਅਜਨਬੀ ਨਾਲ ਉਸ ਦੇ ਘਰ ਆਉਣ ਲਈ ਤਿਆਰ ਹੋ ਗਏ। ਇਹ ਮੌਕਾ-ਮੇਲ ਐਵੇਂ ਨਹੀਂ ਵਾਪਰਿਆ। ਇਹ ਰੱਬ ਦੇ ਭੇਜੇ ਹੋਏ ਦੂਤ ਸਨ।

ਫੋਨ-9417602835

(ਪੰਜਾਬੀ ਟ੍ਰਿਬਿਊਨ 13.12.2018 ਵਿੱਚ ਛਪਿਆ)

* * * * *

**ਬੇਨਤੀ**

ਮੈਗਜ਼ੀਨ ਦੇ ਜਿਨ੍ਹਾਂ ਮੈਂਬਰਾਂ ਦਾ ਚੰਦਾ ਮੁੱਕ ਗਿਆ ਹੈ, ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਬਣਦੀ ਰਾਸ਼ੀ ਦਫ਼ਤਰ ਵਿੱਚ ਜਾਂ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਕ੍ਰਿਪਾਲਤਾ ਕਰਨ।

**Our Bank : Indian Bank, Ropar.**
**IFSC Code : IDIB000R027**
**Account No. : 833562779**

## ਦਾਨੀ ਸੱਜਣ

ਅਕਤੂਬਰ-ਦਸੰਬਰ 2018 ਤਿਮਾਹੀ ਦੌਰਾਨ ਹੇਠ ਲਿਖੇ ਸੱਜਣਾ ਨੇ ਭਿੰਨ-ਭਿੰਨ ਮੰਤਵਾਂ ਲਈ ਸੈਣੀ ਭਵਨ ਨੂੰ ਦਾਨ ਰਾਸ਼ੀ ਭੇਟ ਕੀਤੀ

**ਕਾਕਾ ਰਾਮ ਸੈਣੀ ਚੈਰੀਟੇਬਲ ਟਰਸਟ ਦੇ ਵਿਕਾਸ ਕਾਰਜਾਂ ਲਈ-**

1. ਸ. ਅਜੀਤ ਸਿੰਘ ਲੌਂਗੀਆ, ਰਿਟਾਇਰਡ ਤਹਿਸੀਲਦਾਰ- 11000 ਰੁਪਏ
2. ਇੰਜ. ਜਸਕਰਨਜੀਤ ਕੌਰ ਸਪੁੱਤਰੀ ਸ. ਮਨਜੀਤ ਸਿੰਘ ਰਾਮ ਬਾਗ, ਰੂਪਨਗਰ- 5100 ਰੁਪਏ
3. ਸ਼੍ਰੀਮਤੀ ਕਮਲਜੀਤ ਕੌਰ ਬਲਾਕ ਸੰਮਤੀ ਮੈਂਬਰ ਪਤਨੀ ਸ. ਜਰਨੈਲ ਸਿੰਘ ਕਾਬੜਵਾਲ, ਰੂਪਨਗਰ- 2100 ਰੁਪਏ
4. ਸ. ਬਲਵੀਰ ਸਿੰਘ ਪਾਬਲਾ ( ਆਪਣੀ ਸਵ. ਪਤਨੀ ਸ਼੍ਰੀਮਤੀ ਗੁਰਚਰਨ ਕੌਰ ਦੀ ਯਾਦ ਵਿੱਚ)- 2000 ਰੁਪਏ
5. ਸ. ਅਜੀਤ ਸਿੰਘ ਟਰੱਸਟੀ ਸੈਣੀ ਭਵਨ ਰੂਪਨਗਰ( ਆਪਣੇ ਪੁੱਤਰ ਸਵ. ਗੁਰਪ੍ਰੀਤ ਸਿੰਘ ਦੀ ਯਾਦ ਵਿੱਚ)- 1100 ਰੁ.
6. ਸ਼੍ਰੀਮਤੀ ਭਗਵੰਤ ਕੌਰ, ਰਿਟਾ. ਲੈਕਚਰਾਰ, ਰੂਪਨਗਰ- 500 ਰੁਪਏ
7. ਸ਼੍ਰੀਮਤੀ ਅਦਰਸ਼ ਸ਼ਰਮਾ, ਪ੍ਰਿੰਸੀਪਲ ਬਲਿਊ ਬਰਡ ਸਕੂਲ ਰੁਪਨਗਰ- 500 ਰੁਪਏ
8. ਸ਼੍ਰੀਮਤੀ ਕੌਸ਼ੱਲਯਾ ਦੇਵੀ, ਰੂਪਨਗਰ- 500 ਰੁਪਏ
9. ਇੰਜ. ਚੰਦਰ ਸ਼ੇਖਰ, ਰੂਪਨਗਰ- 250 ਰੁਪਏ

**ਸੈਣੀ ਚੈਰੀਟੇਬਲ ਐਜੂਕੇਸ਼ਨ ਟਰਸਟ ਨੂੰ ਵਜ਼ੀਫਿਆਂ ਲਈ-**

1 ਸ. ਬਲਦੇਵ ਸਿੰਘ ਮੁੰਦਰਾ, ਮੁੰਬਈ- 100899 ਰੁਪਏ

2 ਸ. ਟੇਕਪਾਲ ਸਿੰਘ, ਫਰੀਦਾਬਾਦ- 10000 ਰੁਪਏ

3. ਸ਼੍ਰੀਮਤੀ ਚੰਦਰ ਕਾਂਤਾ, ਰਿਟਾ. ਪ੍ਰਿੰਸੀਪਲ, ਰੂਪਨਗਰ- 5100 ਰੁਪਏ

4. ਸ. ਜੀਵਨ ਸਿੰਘ ਸਹੋੜਾਂ ਪੁੱਤਰ ਸਵ. ਰਤਨ ਸਿੰਘ ਸਹੋੜਾਂ- 5000 ਰੁਪਏ

ਸੈਣੀ ਭਵਨ ਦੇ ਪ੍ਰਬੰਧਕ ਇਨ੍ਹਾਂ ਸਭਨਾ ਦਾਨੀ ਸਜਣਾਂ ਦਾ ਹਾਰਦਿਕ ਧੰਨਵਾਦ ਕਰਦੇ ਹਨ।

* * * * *

ਕਹਾਣੀ



# ਓਥੇ, ਤੇਰਾ ਕੀ ਰੱਖਿਆ

ਮਨਜੀਤ ਸਿੰਘ ਤੰਬੜ
ਪੰਜੌੜ (ਹੁਸ਼ਿਆਰਪੁਰ)

ਜੈਲ ਜਦੋਂ ਵੀ ਕਿਸੇ ਬਾਹਰਲੇ ਜਾਣ-ਪਹਿਚਾਣ ਵਾਲੇ ਬੰਦੇ ਨੂੰ ਮਿਲਦਾ, ਹੱਥ ਜੋੜ ਕੇ ਆਖਦਾ,"ਵੀਰਾ ਸਾਸਰੀ ਕਾਲ,ਕਦੋਂ ਆਇਆਂ,ਭੈਣ ਵੀ ਆਈ ਆ,ਨਿਆਣੇ ਕਿੱਦਾਂ"। ਜੇ ਕਿਤੇ ਜਿਆਦਾ ਹੀ ਖੁਸ਼ ਹੁੰਦਾ ਤਾਂ, "ਹੋਰ ਕਿੱਦਾਂ" ਵੀ ਆਖ ਛੱਡਦਾ। ਸਾਰੇ ਪਿੰਡ ਵਾਲੇ ਉਸ ਨੂੰ ਚਾਚਾ ਹੀ ਆਖਦੇ।ਚਾਹੇ ਉਹ ਕਿਸੇ ਦਾ ਕੁੱਝ ਵੀ ਲੱਗੇ।ਉਸ ਨੂੰ ਚਾਚਾ ਅਖਵਾਉਣਾ ਚੰਗਾ ਵੀ ਬਹੁਤ ਲਗਦਾ।ਪਰ ਜੇ ਕੋਈ ਉਸ ਨੂੰ ਤਾਇਆ ਆਖ ਦਿੰਦਾ,ਤਾਂ ਉਸ ਨੂੰ ਝਿੜਕ ਕੇ ਆਖਦਾ, "ਜਾਹ ਜਾ ਕੇ ਆਪਣੀ ਮਾਂ ਨੂੰ ਪੁੱਛ ਕੇ ਆ, ਮੈਂ ਤੇਰਾ ਕੀ ਲਗਦੈ।ਬਿਨ੍ਹਾਂ ਵਿਆਹਿਆਂ ਵੀ ਕੋਈ ਤਾਇਆ ਬਣਿਆ"।

ਕਹਿੰਦੇ ਇਕ ਵਾਰੀ ਉਸ ਦੇ ਭਰਾ ਦੇ ਸੌਹਰਿਆਂ, ਸਮਾਣੇ ਤੋਂ ਕੁੜੀ ਵਾਲੇ ਉਸ ਨੂੰ ਦੇਖਣ ਆਏ। ਜੈਲ ਨੂੰ ਇੰਨੀ ਖੁਸ਼ੀ ਚੜ੍ਹੀ,ਉਹ ਖੇਤਾਂ ਵਿੱਚੋਂ ਵਗੈਰ ਜੁੱਤੀ ਦੇ ਘਰ ਨੂੰ ਦੌੜ ਆਇਆ। ਪਜਾਮਾਂ ਪਾਉਣਾ ਵੀ ਭੁੱਲ ਗਿਆ। ਉਸ ਦੇ ਭਤੀਜੇ ਨੇ ਬਹੁਤ ਕਿਹਾ "ਚਾਚਾ ਮੂੰਹ ਹੱਥ ਧੋ ਲੈ। ਘਰ ਪਰਾਹੁਣੇ ਆਏ ਹੋਏ ਹਨ"। ਪਰ ਜੈਲ ਕਿੱਥੇ ਮੰਨਿਆ, ਉਸੇ ਤਰ੍ਹਾਂ ਈ ਕੁੜੀ ਦੇ ਪਿਉ ਅੱਗੇ ਆ ਖੜੋਤਾ

"ਵੀਰਾ ਸਾਸਰੀ ਕਾਲ,ਕਦੋਂ ਆਇਆਂ" ਤੇ ਆਪਣੇ ਹੱਥ ਕੱਛੇ ਨਾਲ ਈ ਰਗੜ ਕੇ ਉਸ ਨਾਲ ਮਿਲਾ ਲਏ। ਭੈਣ ਵੀ ਆਈ ਆ। ਨਿਆਣੇ ਕਿੱਦਾਂ"।ਖੁਸ਼ੀ ਵਿੱਚ "ਹੋਰ ਕਿੱਦਾਂ" ਵੀ ਪੁੱਛ ਲਿਆ।

ਕੁੜੀ ਦੇ ਮਾਂ-ਪਿਉ ਨੇ ਜੈਲ ਕਿੰਨੀ ਕੂ ਅਕਲ ਦਾ ਮਾਲਕ ਹੈ, ਦੇਖ ਲਿਆ। ਫਿਰ ਵੀ ਉਸ ਦੇ ਭਰਾ ਨੂੰ ਆਖ ਗਏ, "ਸਲਾਹ ਕਰਕੇ ਦੱਸਾਂਗੇ"। ਪਰ ਉਸ ਦਿਨ ਤੋਂ ਬਾਦ ਉਹ ਅੱਜ ਤੱਕ ਮੁੜ ਕੇ ਨਹੀਂ ਬਹੁੜੇ। ਨਾ ਹੀ ਕੋਈ ਸੁਨੇਹਾ ਆਇਆ। ਪਰ ਜੈਲ ਨੇ ਆਸ ਨਾ ਛੱਡੀ।ਜਦੋਂ ਵੀ ਮੈਂ ਜੈਲ ਨਾਲ ਵਿਆਹ ਦੀ ਗੱਲ ਕਰਦਾ,ਉਹ ਝੱਟ ਆਖ ਦਿੰਦਾ, ਪ੍ਰਹੁਣਿਆਂ ਅੱਜ ਕੱਲ 'ਚ' ਸੁਨੇਹਾ ਔਣ ਈ ਆਲ੍ਹਾ, ਆ ਹਾੜੀ ਨੀ ਲੰਘਣ ਦੇਣੀ।ਭਾਬੀ ਕੱਲ੍ਹ ਦੀ ਗਈ ਹੋਈ ਆ ਪਤਾ ਕਰਨ,ਆਉ ਤਾਂ ਪਤ੍ਹਾ ਲੱਗੂ,ਕੀ ਕਹਿੰਦੇ ਆ ਕੁੜੀ ਆਲੇ ਇਸ ਆਰੀ"।

ਪਿਛਲੀਆਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਮੈਂ ਸਹੁਰੀਂ ਗਿਆ। ਸ਼ਾਮ ਜਿਹੀ ਨੂੰ ਮੈਂ ਐਵੇਂ ਖੇਤਾਂ ਵੱਲ ਨੂੰ ਹੋ ਤੁਰਿਆ। ਮੈਨੂੰ ਦੂਰੋਂ ਹੀ ਦੇਖ ਕੇ ਹੱਥ ਦੀ ਕਹੀ ਥਾਂ ਤੇ ਹੀ ਛੱਡ ਕੇ ਜੈਲ ਮੇਰੇ ਵੱਲ ਭੱਜੀ ਆਵੇ। ਜੈਲ ਨੇ ਆਉਂਦੇ ਹੀ ਮੇਰੇ ਕੱਪੜਿਆਂ ਦਾ ਖਿਆਲ ਕੀਤੇ ਬਿਨਾ ਮੈਨੂੰ ਜੱਫੀ ਪਾ ਲਈ।

"ਵੀਰਾ ਸਾਸਰੀ ਕਾਲ ,ਕਦੋਂ ਆਇਆਂ, ਭੈਣ ਵੀ ਆਈ ਆ,ਨਿਆਣੇ ਕਿੱਦਾਂ"?

ਮੈਂ ਜਲਦੀ ਨਾਲ ਸੱਭ ਕੁੱਝ ਦੱਸ ਦਿੱਤਾ, ਤਾਂ ਕਿ ਮੈ ਜੈਲ ਦੀ ਜੱਫੀ ਵਿੱਚੋਂ ਛੁੱਟ ਸਕਾਂ।ਜੱਫੀ ਵਿੱਚੋਂ ਛੁੱਟ ਕੇ ਮੈ ਆਪਣੇ ਕੱਪੜੇ ਝਾੜੇ ਅਤੇ ਘਰ ਵੱਲ ਨੂੰ ਚੱਲ ਪਿਆ।

"ਰੁਕ ਤਾਂ ਜਾਹ ਤੇਰੇ ਨਾਲ ਵਿਆਹ ਦੀ ਸਲਾਹ ਕਰਨੀ ਆ"।ਮੇਰੀ ਬਾਂਹ ਫੜਦੇ ਜੈਲ ਨੇ ਕਿਹਾ।

"ਚੱਲ ਫਿਰ", ਮੈ ਵੀ ਪਿੱਛੇ-ਪਿੱਛੇ ਤੁਰ ਪਿਆ।

"ਵਿਆਹ! ਕਿਸ ਦਾ ਵਿਆਹ "?ਮੈਂ ਅਣਭੋਲ ਬਣਦਿਆਂ ਪੁੱਛਿਆ।

"ਪ੍ਰੋਹਣਿਆ ਤੂੰ ਵੀ ਬਸ......"।ਜੈਲ ਨੇ ਆਪਣੀ ਖਰੜ-ਬਰੜੀ ਦ੍ਹਾੜੀ ਨੂੰ ਖੁਰਕ ਦਿਆਂ ਨੀਵੀ ਪਾ ਲਈ।

"ਅੱਛਾ ਅੱਛਾ ਬਾਈ ਜੀ ਦਾ। ਓਅ ..ਹੋ।ਫਿਰ ਤਾਂ ਬਾਈ ਜੀ ਵਧਾਈਆਂ।ਮੈਂ ਟਿਕਾਣੇ ਤੇ ਆ ਗਿਆ।

"ਵੀਰਾ ਊਂ ਗੱਲ ਪੱਕੀ ਹੋ ਗਈ"?ਮੈਂ ਜੈਲ ਦੀ ਖੁਸ਼ੀ ਵਿੱਚ ਆਪਣੀ ਸਾਂਝ ਪਾਈ।

"ਵੀਰਾ ਅੱਜ ਇਹੀ ਤਾਂ ਕਰਨ ਗਿਆ।ਪੱਕੀ ਈ ਸਮਝ।ਉਨ੍ਹੀ ਜਵਾਨ ਕੁੜੀ ਨੂੰ ਘਰ ਥੋੜੀ ਬਿਠਾਈ ਰੱਖਣਾ ਐਨਾ ਚਿਰ"।ਜੈਲ ਤੋਂ ਅੱਜ ਖੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ।ਜੈਲ ਨੇ ਮੂੰਹ ਵਿੱਚੋਂ ਨਿਕਲੀ ਲਾਰ ਨੂੰ ਹੱਥ ਨਾਲ ਸੱਜੀ ਮੁੱਛ ਦੇ ਵਾਲ਼ਾਂ ਥੱਲੇ ਨੂੰ ਕਰ ਲਿਆ।

ਫਿਰ ਮੇਰੇ ਮੌਢੇ ਨੂੰ ਫੜ ਕੇ ਆਖਿਆ, "ਪ੍ਰੋਹਣਿਆ ਛੁੱਟੀ ਦਾ ਬੰਦੋਬਸਤ ਕਰ ਲਾ।ਸਾਰੀ ਤੇਰੀ ਜੁਮੇਵਾਰੀ ਹੋਣੀ ਆਂ, ਮੈਨੂੰ ਤਿਆਰ ਕਰਨ ਦੀ। ਨਾਲ ਨਾਲ ਰਈਂ ਮੇਰੇ ।ਕਈ ਗੱਲਾਂ ਦਾ ਪਤ੍ਹਾ ਨੀ ਹੁੰਦਾ ਪੈਲੀ ਆਰੀ।ਨਾਲੇ ਦਾਰੂ ਦੀ ਵੀ ਤੇਰੀ ਜੁਮੇਵਾਰੀ ਹੋਉ"।

ਮੈਂ ਗੱਲਾਂ ਦਾ ਸਵਾਦ ਲੈਂਦੇ ਨੇ ਗੱਲ ਬਦਲ ਕੇ ਆਖਿਆ, "ਬਾਈ ਐਵੇਂ ਲੰਗੋਟੇ ਤਾਂ ਨੀ ਕੱਸੀ ਫਿਰਦੈਂ,ਕਦੀ ਦੇਖਿਆ ਵੀ ਆ ਸਾਡੀ ਸਾਲੇਹਾਰ ਨੂੰ? ਕਿੱਤੇ ਓਹੋ ਜਿਹੀ ਨਾ ਮੜ੍ਹ ਦੇਣ ਸਾਡੇ ਬਾਈ ਨਾਲ"।

"ਲੈ ਦੇਖਣ ਨੂੰ ਕੀ ਆ ਅੱਜ ਦੇਖ ਲਾਂ ਪਰ......."।ਉਹ ਥੋੜਾ ਸ਼ਰਮਾਉਂਦਾ ਹੋਇਆ ਮਿੱਟੀ ਭਰਿਆ ਪਰਨਾ ਥੋੜਾ ਝੰਡਕ ਕੇ ਸਿਰ ਉੱਤੇ ਬੰਨਣ ਲਗ ਪਿਆ।

"ਉਂਅ ਹੈ ਸੋਹਣੀ"।ਜੈਲ ਅੱਗੇ ਤੁਰਦਾ-ਤੁਰਦਾ ਮੇਰੇ ਬਰਾਬਰ ਆ ਗਿਆ।

"ਤੈਨੂੰ ਕਿਵੇਂ ਪਤੈ? ਮੈਂ ਉਸ ਦੇ ਭੋਲੇਪਨ ਵਿੱਚੋਂ ਮਜਾ ਲੈ ਰਿਹਾ ਸੀ।

"ਵੀਰਾ ਕਹਿੰਦਾ ਸੀ ਇੱਕ ਦਿਨ,ਬਈ ਜਰਨੈਲ ਸਿਆਂ ਤੂੰ ਤਾਂ

ਨੰਬਰ ਈ ਕੱਟ ਤਾ, ਸਾਰਿਆਂ ਦਾ ,ਤੇਰੀ ਤਾਰੋ ਤਾਂ ਤੇਰੀ ਭਾਬੀ ਤੋਂ ਵੀ ਦੋ ਉਂਗਲਾਂ ਉਚੀ ਹੋਊ"।

"ਫਿਰ ਤਾਂ ਬਾਈ ਦੀਆਂ ਪੰਜੇ ਉਂਗਲਾਂ ਖੰਡ-ਘਿਉ ਚ'। ਚੱਟੀ ਜਾਂਈ"। ਮੈਂ ਦੇਖਿਆ ਜ਼ੈਲ ਤਾਰੋ ਦੇ ਸੁਪਨਿਆਂ ਵਿੱਚ ਇੰਨਾ ਗੁਆਚ ਗਿਆ ਕਿ ਪੱਧਰੀ ਸੜਕ 'ਤੇ ਵੀ ਔਖੜ ਕੇ ਡਿੱਗਦਾ ਡਿੱਗਦਾ ਬਚਿਆ।

"ਪ੍ਰੋਹਣਿਆ ਉਂ ਈ ਨੀ ਸਿਆਣੇ ਕੈਂਦੇ ਮਿੱਠਾ ਉਈ ਹੁੰਦਾ ਜੇੜਾ ਹੌਲੀ ਪੱਕੇ"। ਜ਼ੈਲ ਨੇ ਆਪਣੀ ਛਾਤੀ ਉੱਤੋਂ ਇੱਕ ਕੱਕਾ ਵਾਲ ਪੁੱਟ ਕੇ ਸੁੱਟ ਦਿੱਤਾ।

"ਐਹ ਚਿੱਟੇ ਵਾਲ਼ ਤਾਂ ਜੁਆਕਾਂ ਦੇ ਈ ਆ ਜਾਂਦੈ"। ਜ਼ੈਲ ਨੂੰ ਪਤਾ ਲਗ ਗਿਆ ਸੀ ਕਿ ਮੈਂ ਦੇਖ ਲਿਆ ਹੈ।

ਗੱਲਾਂ-ਗੱਲਾ ਵਿਚ ਹੀ ਅਸੀਂ ਪਿੰਡ ਪਹੁੰਚ ਗਏ। ਜ਼ੈਲ ਦੇ ਘਰ ਕੋਲੋਂ ਲੰਘਦਿਆਂ ਉਹ ਮੱਲੋ ਮੱਲੀ ਆਪਣੇ ਘਰ ਲੈ ਗਿਆ। ਹੱਟਿਆ ਨਹੀਂ ।"ਆ ਜਾ ਪਾਣੀ-ਧਾਣੀ ਪੀ ਕੇ ਜਾਈਂ"।

ਘਰ ਜਾਂਦਿਆਂ ਨੂੰ ਜ਼ੈਲ ਦਾ ਵੱਡਾ ਭਰਾ ਵੀ ਸਮਾਣੇ ਤੋਂ ਆ ਗਿਆ ਸੀ। ਉਹ ਥੋੜ੍ਹਾ ਚਿਰ ਤਾਂ ਭਰਾ ਦੇ ਅੱਗੇ ਪਿੱਛੇ ਘੁੰਮਦਾ ਰਿਹਾ ਕਿ ਵੀਰਾ ਕੋਈ ਗਲ ਛੇੜੂ। ਪਰ ਜਦੋਂ ਵੀਰੇ ਨੇ ਕੋਈ ਗੱਲ ਨਾ ਕੀਤੀ ਤਾਂ ਜ਼ੈਲ ਨੇ ਆਪ ਹੀ ਪੁੱਛ ਲਿਆ, "ਵੀਰਾ ਕੀ ਕਹਿੰਦੇ ਆ ਸਮਾਣੇ ਆਲ਼ੇ। ਹੁਣ ਨੀ ਅੱਗੇ ਪਿੱਛੇ ਹੋਣਾ। ਵਿਆਹ ਤਾਂ ਪ੍ਰੋਹਣੇ ਦੀ ਛੁੱਟੀ ਵਿੱਚੇ ਈ ਕਰਨਾ"॥

"ਐਵੇਂ ਨਾ ਭੌਂਕੀ ਜਾਇਆ ਕਰ ਹਰ ਵੇਲੇ ,ਜਦੋਂ ਦੇਖੋ ਸਮਾਣਾ-ਸਮਾਣਾ ਲਾਈ ਰੱਖਦੈਂ। ਉੱਥੇ ਤੇਰਾ ਕੀ ਰੱਖਿਆ? ਰੋਜ਼-ਰੋਜ਼ ਦੇ ਸਤੇ ਹੋਏ ਕੈਲੇ ਨੇ ਉਸ ਅੱਗੇ ਸਭ ਫਰੋਲ ਦਿੱਤਾ ਜੋ ਉਹ ਦਸਾਂ ਸਾਲਾਂ ਤੋਂ ਛੁਪਾਈ ਬੈਠਾ ਸੀ।

ਕੈਲੇ ਦੇ ਕਹੇ ਹੋਏ ਇਨ੍ਹਾਂ ਬੋਲਾਂ ਨੇ ਜ਼ੈਲ ਨੂੰ ਝੰਬ ਕੇ ਰੱਖ ਦਿੱਤਾ। ਉਸ ਦੇ ਜਿੰਦਗੀ ਭਰ ਦੇ ਸੰਜੋਏ ਰੰਗੀਨ ਮਹਿਲ ਨੂੰ ਪਲ ਭਰ ਵਿੱਚ ਹੀ ਢਾਹ ਦਿੱਤਾ। ਇਕ ਦਮ ਸਭ ਕੁੱਝ ਖਤਮ ਹੋ ਗਿਆ। ਜ਼ੈਲ ਖੜੇ ਦਾ ਖੜਾ ਹੀ ਰਹਿ ਗਿਆ। ਉਸ ਨੂੰ ਚੱਕਰ ਆਇਆ ਤੇ ਉਹ ਉੱਥੇ ਹੀ ਪਈ ਮੰਜੀ ਉੱਤੇ ਐਸਾ ਡਿਗਿਆ ਕਿ ਮੁੜ ਕਦੀ ਨਹੀਂ ਉੱਠਿਆ।

* * * * *

## ਬੁਝੋ ਉਹ ਕੌਣ ਹੈ ?

ਊਠ 'ਤੇ ਚੜ੍ਹੇਂਦੀਏ,
ਮੁਹਾਰ ਫੜੇਂਦਾ, ਤੇਰਾ ਕੀ ਲੱਗਦਾ?
ਉਹਦਾ ਤਾਂ ਮੈਂ ਨਾਂ ਨੀ ਜਾਣਦੀ!
ਮੇਰਾ ਨਾਂ ਹੈ ਜੀਆਂ,
ਇਹਦੀ ਸੱਸ ਤੇ ਮੇਰੀ ਸੱਸ
ਦੋਨੋਂ ਮਾਵਾਂ ਧੀਆਂ ।


## ਸਰਬੰਸਦਾਨੀ ਨੂੰ ਸਮਰਪਿਤ - ਆਰਤੀ

ਸ਼ਿਵ ਕੁਮਾਰ ਬਟਾਲਵੀ

ਮੈਂ ਕਿਸ ਹੰਝੂ ਦਾ ਦੀਵਾ ਬਾਲ ਕੇ ਤੇਰੀ ਆਰਤੀ ਗਾਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ ਮੰਗਣ ਗੀਤ ਅੱਜ ਜਾਵਾਂ
ਜੋ ਤੈਨੂੰ ਕਰਨ ਭੇਟਾ ਮੈਂ ਤੇਰੇ ਦੁਆਰ ਤੇ ਆਵਾਂ
ਮੇਰਾ ਕੋਈ ਗੀਤ ਨਹੀਂ ਐਸਾ ਜੋ ਤੇਰੇ ਮੇਚ ਆ ਜਾਵੇ
ਭਰੇ ਬਾਜ਼ਾਰ ਵਿੱਚ ਜਾ ਕੇ ਜੋ ਆਪਣਾ ਸਿਰ ਕਟਾ ਆਵੇ
ਜੋ ਆਪਣੇ ਸੋਹਲ ਜ਼ਿੰਦੇ ਬਾਲ ਨੀਹਾਂ ਵਿੱਚ ਚਿਣਾ ਆਵੇ
ਜੋ ਲੁੱਟ ਜਾਵੇ ਤੇ ਫਿਰ ਵੀ ਯਾਰੜੇ ਦੇ ਸੱਥਰੀ ਗਾਵੇ
ਚਿੜੀ ਦੇ ਖੰਭ ਦੀ ਲਲਕਾਰ ਸੌ ਬਾਜਾਂ ਨੂੰ ਖਾ ਜਾਵੇ
ਮੇਰੇ ਗੀਤਾਂ ਦੀ ਮਹਿਫਲ ਚੋਂ ਕੋਈ ਉਹ ਗੀਤ ਨਹੀਂ ਲੱਭਦਾ
ਜੋ ਤੇਰੇ ਸੀਸ ਮੰਗਣ 'ਤੇ ਤੇਰੇ ਸਾਹਵੇਂ ਖੜ੍ਹਾ ਹੋਵੇ
ਜੋ ਮੈਲੇ ਹੋ ਚੁੱਕੇ ਲੋਹੇ ਨੂੰ ਆਪਣੇ ਖ਼ੂਨ ਵਿੱਚ ਧੋਵੇ
ਕਿ ਜਿਸ ਦੀ ਮੌਤ ਪਿੱਛੋਂ ਉਸ ਨੂੰ ਕੋਈ ਸ਼ਬਦ ਨਾ ਰੋਵੇ
ਕਿ ਜਿਸ ਨੂੰ ਪੀੜ ਤਾਂ ਕੀ ਪੀੜ ਦਾ ਅਹਿਸਾਸ ਨਾ ਹੋਵੇ
ਮੈ ਚਾਹੁੰਦਾਂ ਏਸ ਤੋਂ ਪਹਿਲਾਂ ਕਿ ਤੇਰੀ ਆਰਤੀ ਗਾਵਾਂ
ਮੈਂ ਮੈਲੇ ਸ਼ਬਦ ਧੋ ਕੇ ਜੀਭ ਦੀ ਕਿੱਲੀ ਤੇ ਪਾ ਆਵਾਂ
ਤੇ ਮੈਲੇ ਸ਼ਬਦ ਸੁੱਕਣ ਤੀਕ ਤੇਰੀ ਹਰ ਪੈੜ ਚੁੰਮ ਆਵਾਂ
ਤੇਰੀ ਹਰ ਪੈੜ 'ਤੇ ਹੰਝੂ ਦਾ ਇੱਕ ਸੂਰਜ ਜਗਾ ਆਵਾਂ
ਮੈਂ ਲੋਹਾ ਪੀਣ ਦੀ ਆਦਤ ਜ਼ਰਾ ਗੀਤਾਂ ਨੂੰ ਪਾ ਆਵਾਂ
ਮੈਂ ਸ਼ਾਇਦ ਫਿਰ ਕੁੱਝ ਭੇਟਾ ਕਰਨ ਜੋਗਾ ਹੋ ਜਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ ਕਿਸ ਤਰ੍ਹਾਂ ਤੇਰੇ ਦੁਆਰ ਆਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ ਮੰਗਣ ਗੀਤ ਅੱਜ ਜਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ ਮੈਂ ਕਿਹੜਾ ਗੀਤ ਅੱਜ ਗਾਵਾਂ

* * * * *

ਸਰਬੰਸਦਾਨੀ ਸਾਹਿਬੇ ਕਮਾਲ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ
**ਪ੍ਰਕਾਸ਼ ਉਤਸਵ**
13 ਜਨਵਰੀ 2019
ਦੀਆਂ ਲੱਖ ਲੱਖ ਵਧਾਈਆਂ



ਇਤਿਹਾਸ ਦੇ ਝਰੋਖੇ 'ਚੋ

23 ਮਾਰਚ 2019 ਨੂੰ ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ ਦੇ ਸ਼ਹੀਦੀ ਦਿਨ ਨੂੰ ਸਮਰਪਿਤ



ਬੀ.ਐੱਸ. ਸੈਣੀ
ਰੋਪੜ

# ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ

**ਸ. ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਪਿੰਡ ਬੰਗਾ ਤਹਿਸੀਲ ਜੜ੍ਹਾਂਵਾਲਾ ਜ਼ਿਲ੍ਹਾ ਲਾਇਲਪੁਰ ( ਹੁਣ ਪਾਕਿਸਤਾਨ ) ਵਿਖੇ ਇੱਕ ਜੱਟ ਸਿੱਖ ਪਰਿਵਾਰ ਵਿੱਚ ਪਿਤਾ ਸ. ਕਿਸ਼ਨ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਵਿਦਿਆਵਤੀ ਦੀ ਕੁੱਖੋਂ ਹੋਇਆ ਸੀ। ਸ.ਭਗਤ ਸਿੰਘ ਦਾ ਜੱਦੀ ਪਿੰਡ ਖੱਟਕੜ ਕਲਾਂ ਜ਼ਿਲ੍ਹਾ ਨਵਾਂਸ਼ਹਿਰ ( ਸ਼ਹੀਦ ਭਗਤ ਸਿੰਘ ਨਗਰ ) ਪੰਜਾਬ ਹੈ। ਸ.ਭਗਤ ਸਿੰਘ ਦਾ ਪਰਿਵਾਰ ਸ਼ੁਰੂ ਤੋਂ ਹੀ ਦੇਸ਼ ਭਗਤ ਪਰਿਵਾਰ ਸੀ। ਸੰਨ 1906 ਵਿੱਚ ਬਸਤੀਵਾਦ ਬਿੱਲ ਦੇ ਖਿਲਾਫ ਸੰਘਰਸ਼ ਕਰਦੇ ਹੋਏ ਸ. ਭਗਤ ਸਿੰਘ ਦੇ ਪਿਤਾ ਅਤੇ ਦੋਵੇਂ ਚਾਚੇ ਸ.ਅਜੀਤ ਸਿੰਘ ਅਤੇ ਸ.ਸਵਰਨ ਸਿੰਘ ਜੇਲ੍ਹ ਵਿੱਚ ਸਨ ਜਿਨ੍ਹਾਂ ਨੂੰ 1907 ਵਿੱਚ ਰਿਹਾ ਕੀਤਾ ਗਿਆ ਸੀ ਜਿਸ ਕਰਕੇ ਸ. ਭਗਤ ਸਿੰਘ ਦਾ ਜਨਮ ਉਸ ਦੇ ਪਿਤਾ ਅਤੇ ਚਾਚਿਆਂ ਲਈ ਇੱਕ ਤੋਹਫਾ ਮੰਨਿਆ ਗਿਆ ਸੀ। ਭਗਤ ਸਿੰਘ ਦੇ ਦੋ ਭਰਾ ਸ. ਕੁਲਤਾਰ ਸਿੰਘ ਅਤੇ ਰਜਿੰਦਰ ਸਿੰਘ ਅਤੇ ਇੱਕ ਭੈਣ ਬੀਬੀ ਅਮਰ ਕੌਰ ਸੀ ।**

ਮੁੱਢਲੀ ਵਿਦਿਆ ਡੀ.ਏ.ਵੀ ਸਕੂਲ ਲਾਹੌਰ ਤੋਂ ਪ੍ਰਾਪਤ ਕੀਤੀ ਅਤੇ ਫਿਰ ਨੈਸ਼ਨਲ ਕਾਲਜ ਲਾਹੌਰ ਵਿੱਚ ਦਾਖਲਾ ਲਿਆ । ਸਮਾਜਵਾਦ, ਰਾਸ਼ਟਰਵਾਦ, ਵਿਦਰੋਹੀ ਅਤੇ ਸਾਮਵਾਦ ( communism ) ਵਿਚਾਰਧਾਰਾ ਨੂੰ ਮੰਨਣਵਾਲਾ ਭਗਤ ਸਿੰਘ ਅੱਲੜ੍ਹ ਅਵੱਸਥਾ ਤੱਕ ਸਿੱਖ ਧਰਮ ਨੂੰ ਮੰਨਦਾ ਰਿਹਾ। ਬਾਅਦ ਵਿੱਚ **ਹਿੰਦੂ ਮੁਸਲਮਾਨਾਂ ਵਿਚਕਾਰ ਹੁੰਦੇ ਦੰਗਿਆਂ ਅਤੇ ਧਾਰਮਿਕ ਬਗਾਵਤਾਂ ਤੋਂ ਪ੍ਰਭਾਵਿਤ ਹੋ ਕੇ** ਨਾਸਤਿਕ ਬਣ ਗਿਆ। ਬੀ.ਏ ਦਾ ਇਮਤਿਹਾਨ ਦੇਣ ਤੋਂ ਪਹਿਲਾਂ ਹੀ ਉਸ ਦੇ ਵਿਆਹ ਲਈ ਰਿਸ਼ਤਾ ਆਇਆ ਤਾਂ ਭਗਤ ਸਿੰਘ ਵਿਆਹ ਤੋਂ ਇਨਕਾਰ ਕਰਦਿਆਂ ਇਹ ਕਹਿ ਕੇ ਘਰ ਤੋਂ ਚਲਾ ਗਿਆ ਕਿ ਗੁਲਾਮ ਭਾਰਤ ਵਿੱਚ ਮੇਰੀ ਲਾੜੀ ਸਿਰਫ ਮੌਤ ਹੀ ਹੋ ਸਕਦੀ ਹੈ ਅਤੇ ਉਦੋਂ ਹੀ ਘਰ ਵਾਪਸ ਆਇਆ ਜਦੋਂ ਘਰਦਿਆਂ ਤੋਂ ਇਹ ਵਾਅਦਾ ਲਿਆ ਕਿ ਉਸ ਦਾ ਵਿਆਹ ਨਹੀਂ ਕੀਤਾ ਜਾਵੇਗਾ ।

**ਸ਼ੁਰੂ ਵਿੱਚ ਭਗਤ ਸਿੰਘ ਦੀਆਂ ਗਤੀਵਿੱਧੀਆਂ ਆਰਟੀਕਲ ਲਿਖਣਾ, ਅੰਗਰੇਜ਼ ਸਰਕਾਰ ਦੇ ਖਿਲਾਫ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੇ ਪਰਚੇ ਛਾਪਣੇ ਅਤੇ ਉਨ੍ਹਾਂ ਨੂੰ ਵੰਡਣ ਤੱਕ ਹੀ ਸੀਮਤ ਸਨ। ਭਗਤ ਸਿੰਘ, ਸਵਰਾਜ ਦੀ ਪ੍ਰਾਪਤੀ ਲਈ ਕਾਂਗਰਸ ਪਾਰਟੀ ਦਾ ਸਮੱਰਥੱਕ ਵੀ ਸੀ ਅਤੇ ਮਹਾਤਮਾ ਗਾਂਧੀ ਦੀ ਅਹਿੰਸਾ ਦਾ ਪੁਜਾਰੀ / ਨਾ-ਮਿਲਵਰਤਨ ਲਹਿਰ ਦਾ ਮੁਦੱਈ ਸੀ ਜਿਸ ਕਰਕੇ ਉਸ ਨੇ ਅੰਗਰੇਜ਼ ਸਰਕਾਰ ਵਲੋਂ ਦਿੱਤੀਆਂ ਕਿਤਾਬਾਂ ਸਾੜ ਦਿੱਤੀਆਂ ਸਨ। ਸੰਨ 1917 ਵਿੱਚ ਕਾਮਰੇਡ ਲੈਨਿਨ ਦੀ ਅਗਵਾਈ ਵਿੱਚ ਬਾਲਸ਼ਵਿਕਾਂ ਵਲੋਂ ਰੂਸ ਵਿੱਚ ਲਿਆਂਦੇ ਇਨਕਲਾਬ ਭਗਤ ਸਿੰਘ ਦੇ ਜੀਵਨ 'ਤੇ ਬੜਾ ਹੀ ਪ੍ਰਭਾਵ ਪਿਆ। ਸੰਨ 1919 ਵਿੱਚ ਜੱਲ੍ਹਿਆਂਵਾਲੇ ਬਾਗ ਵਿੱਚ ਵਾਪਰੇ ਖੂਨੀ ਸਾਕੇ, 1921 ਵਿੱਚ ਵਾਪਰੇ ਸਾਕਾ ਨਨਕਾਣਾ ਸਾਹਿਬ 1922 ਵਿੱਚ** ਚੌਰੀ ਚੌਰਾ ਦੀ ਘਟਨਾ **ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਪਾਰਟੀ ਦਾ ਸਾਥ ਛੱਡ ਕੇ ਨੌਜਵਾਨ ਕ੍ਰਾਂਤੀਕਾਰੀ ਲਹਿਰ ਵਿੱਚ ਸ਼ਾਮਲ ਹੋ ਗਿਆ ਅਤੇ ਅੰਗਰੇਜ਼ ਸਰਕਾਰ ਵਿਰੁੱਧ ਹਿੰਸਕ ਬਗਾਵਤਾਂ ਦਾ ਮਸ਼ਹੂਰ ਵਕੀਲ ਬਣਕੇ ਆਪਣਾ ਸਫਰ ਸ਼ੁਰੂ ਕੀਤਾ। ਮਾਰਚ 1925 ਵਿੱਚ ਯੂਰਪ ਦੇਸ਼ਾਂ ਵਿੱਚ ਵਾਪਰੀਆਂ ਰਾਸ਼ਟਰਵਾਦੀ ਲਹਿਰਾਂ ਤੋਂ ਉਤਸ਼ਾਹਿਤ ਹੋਕੇ ਸਰਬ ਭਾਰਤ ਨੌਜ਼ਵਾਨ ਸਭਾ ਬਣਾਈ ਜਿਸ ਦਾ ਸਕੱਤਰ ਖ਼ੁੱਦ ਭਗਤ ਸਿੰਘ ਬਣਿਆ ।**

**ਭਗਤ ਸਿੰਘ, Hindustan Republican Association ( HRA ) ਨਾਮ ਦੇ ਇੱਕ ਗਰਮਖਿਆਲੀ ਧੜੇ ਵਿੱਚ ਸ਼ਾਮਲ ਹੋ ਗਿਆ ਜਿਸ ਨੂੰ ਬਾਅਦ ਵਿੱਚ ਉਸ ਨੇ ਆਪਣੇ ਕ੍ਰਾਂਤੀਕਾਰੀ ਸਾਥੀ ਚੰਦਰ ਸ਼ੇਖਰ ਅਜ਼ਾਦ ਅਤੇ ਸੁਖਦੇਵ ਨਾਲ ਮਿਲ ਕੇ Hindustan Socialist Republican Association ( HSRA ) ਦਾ ਨਵਾਂ ਨਾਮ ਦਿੱਤਾ।** ਸੰਨ 1926 ਵਿੱਚ ਲਾਹੌਰ ਵਿਖੇ ਹੋਏ ਇੱਕ ਬੰਬ ਧਮਾਕੇ ਦੇ ਕੇਸ ਵਿੱਚ ਭਗਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਪੰਜ ਮਹੀਨਿਆਂ ਬਾਅਦ ਰਿਹਾਅ ਕਰ ਦਿੱਤਾ ਗਿਆ। 30 ਅਕਤੂਬਰ 1928 ਨੂੰ ਲਾਲਾ ਲਾਜਪੱਤ ਰਾਏ ਦੀ ਅਗਵਾਈ ਵਿੱਚ ਸਾਈਮਨ ਕਮਿਸ਼ਨ ਦੇ ਵਿਰੋਧ ਵਿੱਚ ਕੱਢੇ ਜਾ ਰਹੇ ਜਲੂਸ ਉੱਤੇ ਪੁਲਿਸ ਵਲੋਂ ਕੀਤੇ ਲਾਠੀਚਾਰਜ਼ ਵਿੱਚ ਲਾਲਾ ਲਾਜਪੱਤ ਰਾਏ ਜ਼ਖਮੀ ਹੋ ਗਏ ਜਿਨ੍ਹਾਂ ਦੀ 17 ਨਵੰਬਰ 1928 ਨੂੰ ਉਨ੍ਹਾਂ ਦੀ ਮੌਤ ਹੋ ਗਈ। ਲਾਲਾ ਲਾਜਪੱਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਭਗਤ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਐਸ.ਪੀ. ਜੇਮਜ਼.ਏ. ਸਕਾਟ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਜਿਸ ਬਾਰੇ ਇਹ ਧਾਰਨਾ



ਸੀ ਕਿ ਇਸ ਨੇ ਸ਼ਾਂਤਮਈ ਜ਼ਲੂਸ ਉੱਤੇ ਲਾਠੀ ਚਾਰਜ ਕਰਕੇ ਲਾਲਾ ਲਾਜਪੱਤ ਰਾਏ ਨੂੰ ਸ਼ਹੀਦ ਕੀਤਾ ਹੈ। ਯੋਜਨਾ ਅਨੁਸਾਰ ਮਿੱਥੇ ਸਮੇਂ ਤੇ, ਐਸ.ਪੀ. ਜੇਮਜ਼.ਏ.ਸਕਾਟ ਦੀ ਬਜਾਏ 21 ਸਾਲ ਦਾ ਨੌਜਵਾਨ ਜੌਹਨ ਪਾਲ ਸਾਂਡਰਸ ਡੀ.ਐਸ.ਪੀ. ਜੋ ਕਿ ਹਾਲੇ ਪ੍ਰੋਵੇਸ਼ਨ ਤੇ ਹੀ ਸੀ, ਭਗਤ ਸਿੰਘ ਦੀ ਗੋਲੀ ਦਾ ਨਿਸ਼ਾਨਾ ਬਣ ਗਿਆ। ਸਾਂਡਰਸ ਦਾ ਕਤਲ ਕਰਨ ਤੋਂ ਬਾਅਦ ਲਹੌਰ ਤੋਂ ਬੱਚ ਕੇ ਨਿਕਲਣ ਲਈ ਭਗਤ ਸਿੰਘ ਨੇ ਸਿੱਖੀ ਭਾਵਨਾਵਾਂ ਦੇ ਉਲਟ ਆਪਣੇ ਕੇਸ ਅਤੇ ਦਾੜ੍ਹੀ ਕਟਵਾ ਕੇ ਟੋਪੀ ਪਹਿਨ ਲਈ ਅਤੇ ਐਂਗਲੋ ਇੰਡੀਅਨ ਦੇ ਭੇਸ ਵਿੱਚ, ਇੱਕ ਇਨਕਲਾਬੀ ਸਾਥੀ ਬੀਬੀ ਦੁਰਗਾ ਦੇਵੀ ( ਜਿਸ ਨੂੰ ਦੁਰਗਾ ਭਾਬੀ ਵੀ ਕਿਹਾ ਗਿਆ ) ਨੂੰ ਆਪਣੀ ਨਕਲੀ ਪਤਨੀ ਬਣਾ ਕੇ ਉਸ ਦਾ ਬੱਚਾ ਆਪਣੀ ਗੋਦੀ ਚੁੱਕ ਲਿਆ ਅਤੇ ਸੁੱਖਦੇਵ ਨੂੰ ਆਪਣਾ ਘਰੇਲੂ ਨੌਕਰ ਬਣਾ ਕੇ 400 ਪੁਲਿਸ ਕਰਮਚਾਰੀਆਂ ਦੇ ਅੱਖੀਂ ਘੱਟਾ ਪਾ ਕੇ ਲਾਹੌਰ ਸਟੇਸ਼ਨ ਤੋਂ ਰੇਲਗੱਡੀ ਰਾਹੀਂ ਕੱਲਕੱਤਾ ਪਹੁੰਚ ਗਿਆ ।

8 ਅਪ੍ਰੈਲ 1029 ਦਿੱਲੀ ਅਸੈਂਬਲੀ ਵਿੱਚ ਡੀਫੈਂਸ ਆਫ ਇੰਡੀਆ ਐਕਟ ਪਾਸ ਹੋਣਾ ਸੀ ਜਿਸ ਦੇ ਵਿਰੋਧ ਵਿੱਚ ਭਗਤ ਸਿੰਘ ਅਤੇ ਬੱਟੂਕੇਸ਼ਵਰ ਦੱਤ ਨੇ ਅਸੈਂਬਲੀ ਦੇ ਵਰਾਂਡੇ ਵਿੱਚ ਬੰਬ ਸੁੱਟੇ। ਬੰਬ ਸੁੱਟਣ ਤੋਂ ਬਾਅਦ ਉਹ ਮੌਕੇ ਤੋਂ ਭੱਜੇ ਨਹੀਂ ਬਲਕਿ ਅਤੇ ਇੰਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਏ - ਕੁੱਝ ਪਰਚੇ ਉਪਰ ਨੂੰ ਉਛਾਲੇ ਅਤੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ। ਇਹ ਬੰਬ ਜ਼ਿਆਦਾ ਸ਼ਕਤੀਸ਼ਾਲੀ ਨਹੀਂ ਸਨ ਕਿਉਂਕਿ ਭਗਤ ਸਿੰਘ ਅਤੇ ਉਸ ਦੇ ਸਾਥੀ ਕਿਸੇ ਨੂੰ ਮਾਰਨਾ ਨਹੀਂ ਚਾਹੁੰਦੇ ਸਨ ਬਲਕਿ ਅੰਗਰੇਜ਼ ਸਰਕਾਰ ਦੇ ਖਿਲਾਫ ਆਪਣਾ ਗੁੱਸਾ ਪ੍ਰਗਟ ਕਰਨਾ ਚਾਉਂਦੇ ਸਨ। ਗ੍ਰਿਫਤਾਰੀ ਤੋਂ ਬਾਅਦ ਭਗਤ ਸਿੰਘ ਨੇ ਆਪਣਾ ਕੇਸ ਆਪ ਲੜਿਆ। ਇਸ ਕੇਸ ਵਿੱਚ ਭਗਤ ਸਿੰਘ ਹੁਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਲਾਹੌਰ ਸਾਜ਼ਿਸ਼ ਕੇਸ, ਸਾਂਡਰਸ ਕਤਲ ਕੇਸ ਅਤੇ ਬੰਬ ਬਣਾਉਣ ਦੇ ਦੋਸ਼ਾਂ ਵਿੱਚ ਭਗਤ ਸਿੰਘ ਨੂੰ ਮੁੜ ਗ੍ਰਿਫਤਾਰ ਕਰ ਲਿਆ ਗਿਆ। 10 ਜੁਲਾਈ 1929 ਨੂੰ 28 ਵਿਅੱਕਤੀਆਂ ਵਿਰੁੱਧ ਮੁਕੱਦਮਾ ਚਲਾ ਕੇ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿੱਚ ਯੂਰਪੀਅਨ ( ਅੰਗਰੇਜ਼ ) ਅਤੇ ਭਾਰਤੀ ਕੈਦੀਆਂ ਵਿੱਚਕਾਰ ਹੁੰਦੇ ਭੇਦ ਭਾਵ ਕਾਰਨ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਭੁੱਖ ਹੜਤਾਲ ਰੱਖ ਦਿੱਤੀ ਅਤੇ ਨਾਲ ਇਹ ਵੀ ਮੰਗ ਰੱਖੀ ਕਿ ਉਹਨਾਂ ਨੂੰ ਸਿਆਸੀ ਕੈਦੀ ਮੰਨਿਆ ਜਾਵੇ। ਭੁੱਖ ਹੜਤਾਲ ਦੌਰਾਨ 63 ਦਿਨਾਂ ਬਾਅਦ ਇੱਕ ਸਾਥੀ ਜਤਿੰਦਰ ਨਾਥ ਦੀ ਮੌਤ ਹੋ ਗਈ। ਭਗਤ ਸਿੰਘ ਨੇ ਵੀ 116 ਦਿਨਾਂ ਬਾਅਦ ਭੁੱਖ ਹੜਤਾਲ ਖਤਮ ਕਰ ਦਿੱਤੀ।

ਕੇਸ ਦੀ ਮੱਧਮ ਰਫਤਾਰ ਨਾਲ ਚੱਲਦੀ ਕਾਰਵਾਈ ਨੂੰ ਦੇਖਦੇ ਹੋਏ ਵਾਇਸਰਾਏ ਲਾਰਡ ਇਰਵਨ ਨੇ 1 ਮਈ 1930 ਨੂੰ ਐਮਰਜੈਂਸੀ ਦਾ ਐਲਾਨ ਕਰਕੇ ਇੱਕ ਆਰਡੀਨੈਂਸ ਰਾਹੀਂ ਹਾਈ ਕੋਰਟ ਦੇ ਤਿੰਨ ਜੱਜਾਂ ਤੇ ਅਧਾਰਤ ਇੱਕ ਟ੍ਰਬਿਊਨਲ ਬਣਾ ਦਿੱਤਾ ਜਿਸ ਨੂੰ ਇਹ ਹਦਾਇਤ ਕੀਤੀ ਗਈ ਕਿ ਭਾਵੇਂ ਦੋਸ਼ੀ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ ਤਾਂ ਵੀ ਮੁਕੱਦਮੇ ਦੀ ਕਾਰਵਾਈ ਜਾਰੀ ਰੱਖੀ ਜਾਵੇ। ਇਸ ਦੇ ਖਿਲਾਫ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਪਾਈ ਗਈ ਕਿ ਇਹ ਆਰਡੀਨੈਂਸ ਵਾਇਸਰਾਏ ਦੇ ਅਖਤਿਆਰ ਤੋਂ ਬਾਹਰ ਹੈ ਅਤੇ ਗੈਰ ਕਾਨੂੰਨੀ ਹੈ ਪਰੰਤੂ ਇਹ ਪਟੀਸ਼ਨ ਖਾਰਜ਼ ਕਰ ਦਿੱਤੀ ਗਈ। ਕੇਸ ਦੀ ਸੁਣਵਾਈ ਦੌਰਾਨ ਸ. ਭਗਤ ਸਿੰਘ ਨੇ ਆਪਣਾ ਕੇਸ ਆਪ ਲੜਿਆ ਅਤੇ ਇਹ ਗੱਲ ਮੰਨੀ ਕਿ ਉਸਨੇ ਅਤੇ ਉਸ ਦੇ ਸਾਥੀਆਂ ਨੇ ਅਸੈਂਬਲੀ ਵਿੱਚ ਬੰਬ ਸੁੱਟੇ ਹਨ ਅਤੇ ਸਾਂਡਰਸ ਦਾ ਕਤਲ ਕੀਤਾ ਹੈ। ਭਗਤ ਸਿੰਘ, ਹਰੀ ਸ਼ਿਵਾਰਾਮ ਰਾਜਗੁਰੂ ਅਤੇ ਸੁਖਦੇਵ ਨੂੰ 24 ਮਾਰਚ 1931 ਨੂੰ ਫਾਂਸੀ ਦੇਣ ਦਾ ਹੁਕਮ ਸੁਣਾਇਆ ਗਿਆ।

ਜਿਸ ਸਮੇਂ ਭਗਤ ਸਿੰਘ ਨੂੰ ਫਾਂਸੀ ਤੇ ਲਟਕਾਉਣ ਲਈ ਉਸ ਨੂੰ ਕੋਠਰੀ ਵਿੱਚੋਂ ਲਿਆਉਣ ਦਾ ਸੱਦਾ ਆਇਆ ਤਾਂ ਭਗਤ ਸਿੰਘ ਲੈਨਿਨ ਬਾਰੇ ਕਿਤਾਬ ਪੜ੍ਹ ਰਿਹਾ ਸੀ ਅਤੇ ਉਸ ਨੇ ਸੰਤਰੀ ਨੂੰ ਕਿਹਾ, " ਠਹਿਰ ਜਾ ਇੱਕ ਇਨਕਲਾਬੀ ਦੂਜੇ ਇਨਕਲਾਬੀ ਨਾਲ ਗੱਲ ਕਰ ਰਿਹਾ ਹੈ। " ਜਦੋਂ ਭਗਤ ਸਿੰਘ ਅਤੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ ਤਾਂ ਕਿਸੇ ਵੀ ਜੱਜ ਨੇ ਦਸਤਖਤ ਨਹੀਂ ਕੀਤੇ। ਸਿਰਫ ਇੱਕ ਆਨਰੇਰੀ ਜੱਜ ਨੇ ਉਦੋਂ ਹੀ ਦਸਖਤ ਕੀਤੇ ਜਦੋਂ ਮੌਤ ਦੇ ਵਰੰਟ ਦਾ ਅਸਲ ਸਮਾਂ ਪੂਰਾ ਹੋ ਗਿਆ। ਭਗਤ ਸਿੰਘ ( ਉਮਰ 23 ਸਾਲ 6 ਮਹੀਨੇ ) ਅਤੇ ਉਸ ਦੇ ਸਾਥੀਆਂ ਨੂੰ 11 ਘੰਟੇ ਐਡਵਾਂਸ 23 ਮਾਰਚ 1931 ਨੂੰ ਸ਼ਾਮ 7.30 ਵਜੇ ਫਾਂਸੀ ਦਿੱਤੀ ਗਈ ਜੋ ਕਿ ਨਿਸ਼ਚਿਤ ਅਡਵਾਂਸ ਸਮੇਂ ਤੋਂ ਵੀ 1 ਘੰਟਾ ਪਹਿਲਾਂ ਸੀ। ਇਹ ਤਿੰਨੇ ਨੌਜਵਾਨ ਦੇਸ਼ ਦੀ ਆਜ਼ਾਦੀ ਲਈ "ਇਨਕਲਾਬ ਜ਼ਿੰਦਾਬਾਦ- ਅੰਗਰੇਜ਼ ਸਾਮਰਾਜ ਮੁਰਦਾਬਾਦ" ਦੇ ਨਾਅਰੇ ਮਾਰਦੇ ਹੋਏ ਹੱਸਦੇ ਹੱਸਦੇ ਫਾਂਸੀ 'ਤੇ ਚੜ੍ਹ ਗਏ। ਇਨ੍ਹਾਂ ਨੂੰ ਦਿੱਤੀ ਗਈ ਫਾਂਸੀ ਦੇ ਵਿਰੁਧ ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਜੇਲ੍ਹ ਦੀ ਦੀਵਾਰ ਤੋੜ ਕੇ ਚੋਰੀ ਛਿਪੇ ਰਾਤ ਨੂੰ ਹੀ ਗੰਡਾ ਸਿੰਘ ਵਾਲਾ ਪਿੰਡ – ਹੁਸੈਨੀਵਾਲਾ ਵਿਖੇ ਸੱਤਲੁਜ ਦਰਿਆ ਦੇ ਕੰਢੇ ਇੰਨ੍ਹਾਂ ਸ਼ਹੀਦਾਂ ਦਾ ਸੰਸਕਾਰ ਕਰ ਦਿੱਤਾ ਅਤੇ ਇਨ੍ਹਾਂ ਦੀਆਂ ਅਸਥੀਆਂ ਫਿਰੋਜ਼ਪੁਰ ਤੋਂ 10 ਕਿਲੋਮੀਟਰ ਦੂਰ ਸੱਤਲੁਜ ਦਰਿਆ ਵਿਚ ਵਹਾਅ ਦਿੱਤੀਆਂ ।

ਭਗਤ ਸਿੰਘ ਹੁਰਾਂ ਨੂੰ ਫਾਂਸੀ ਦਿੱਤੇ ਜਾਣ ਤੋਂ ਬਾਅਦ ਜੇਲ ਵਿੱਚ ਬੰਦ ਭਗਤ ਸਿੰਘ ਦੇ ਇੱਕ ਸਾਥੀ ਵਰੰਿਦਰ ਨੇ ਵਾਰਡਰ ਨੂੰ ਪੁੱਛਿਆ ਕਿ ਫਾਂਸੀ ਤੋਂ ਪਹਿਲਾਂ ਭਗਤ ਸਿੰਘ ਕਿੱਦਾਂ ਲੱਗਦਾ ਸੀ। ਉਸ ਦੀਆਂ ਅੱਖਾਂ ਅੱਥਰੂਆਂ ਨਾਲ ਭਰ ਆਈਆਂ ਅਤੇ ਬੋਲਿਆ, " ਮੈਂ ਭਗਤ ਸਿੰਘ ਨੂੰ ਕਿਹਾ ਕਿ ਸਰਦਾਰ ਜੀ ਆਖਰੀ ਵਕਤ ਹੈ ਵਾਹਿਗੁਰੂ ਨੂੰ ਯਾਦ ਕਰ ਲਓ... ਤਾਂ ਭਗਤ ਸਿੰਘ ਹੱਸਿਆ ਅਤੇ ਜਵਾਬ ਦਿੱਤਾ,' ਸਰਦਾਰ ਜੀ ! ਮੈਂ ਸਾਰੀ ਜ਼ਿੰਦਗੀ ਉਸ ਦਾ ਨਾਮ ਨਹੀਂ

ਲਿਆ। ਜਦੋਂ ਮੈਂ ਵੇਖਿਆ ਕਿ ਗਰੀਬ ਅਤੇ ਦੱਬੇ ਕੁਚਲੇ ਲੋਕਾਂ ਨਾਲ ਕਿਹੋ ਜਿਹਾ ਵਤੀਰਾ ਕੀਤਾ ਜਾਂਦਾ ਹੈ ਤਾਂ ਮੈਂ ਉਸ ਨੂੰ ਗਾਲ੍ਹਾਂ ਕੱਢੀਆਂ-- ਜੇਕਰ ਮੈਂ ਹੁਣ ਮੌਤ ਸਾਹਮਣੇ ਵੇਖ ਕੇ ਉਸ ਅੱਗੇ ਬੇਨਤੀ ਕਰਾਂਗਾ ਤਾਂ ਉਹ ਆਖੇਗਾ ਕਿ ਇਹ ਆਦਮੀ ਹਾਈਪੋਕਰਾਈਟ ਅਤੇ ਬੁੱਜਦਿਲ ਹੈ - ਫਿਰ ਮੇਰੀ ਅਰਦਾਸ ਦਾ ਉੱਤੇ ਕੀ ਅਸਰ ਪਵੇਗਾ? ਜੇਕਰ ਮੈਂ ਹੁਣ ਅਪਣੀ ਰਾਏ ਨਹੀਂ ਬਦਲਾਂਗਾ -ਤਾਂ ਕਮ ਸੇ ਕਮ ਉਹ ਇਹ ਤਾਂ ਕਹੇਗਾ ਕਿ ਇਹ ਆਦਮੀਂ ਇਮਾਨਦਾਰ ਹੈ "।

ਸ.ਭਗਤ ਸਿੰਘ ਦਾ ਸੁਪਨਾ ਸੀ ਕਿ ਅਜ਼ਾਦੀ ਤੋਂ ਬਾਅਦ ਇੱਕ ਅਜਿਹੇ ਭਾਰਤ ਦਾ ਨਿਰਮਾਣ ਹੋਵੇ ਜਿੱਥੇ ਇਨਸਾਨ ਹੱਥੋਂ ਇਨਸਾਨ ਦੀ ਲੁੱਟ ਨਾ ਹੋਵੇ- ਜਿੱਥੇ ਭੁੱਖਮਰੀ ਨਾ ਹੋਵੇ- ਹਰ ਗਰੀਬ ਲਈ ਰੋਟੀ, ਕਪੜਾ ਅਤੇ ਮਕਾਨ ਹੋਵੇ- ਜਿੱਥੇ ਕੋਈ ਗਰੀਬ ਇਲਾਜ਼ ਤੋਂ ਬਗੈਰ ਮਰ ਨਾ ਸਕੇ- ਜਿੱਥੇ ਹਰ ਵਿਅੱਕਤੀ ਆਪਣੇ ਬੱਚਿਆਂ ਨੂੰ ਵਿਦਿਆ ਦੇ ਸਕੇ- ਜਿੱਥੇ ਨੌਜਵਾਨ ਬੇਰੁਜ਼ਗਾਰ ਨਾ ਹੋਣ - ਜਿੱਥੇ ਕਰਜ਼ੇ ਦੇ ਸਤਾਏ ਕਿਸਾਨ ਖੁੱਦਕੱਸ਼ੀਆਂ ਨਾ ਕਰਨ। ਸ.ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਆਪਾਂ ਸਾਰਿਆਂ ਨੂੰ ਰੱਲ ਕੇ ਹੰਭਲਾ ਮਾਰਨ ਦੀ ਲੋੜ ਹੈ ।

* * * * *

ਮਾਣਮੱਤਾ ਸੈਣੀ ਗੀਤਕਾਰ

## ਦੀਪ ਅਲਾਚੌਰੀਆ



ਨਵਾਂਸ਼ਹਿਰ- ਗੜ੍ਹਸ਼ੰਕਰ ਸੜਕ 'ਤੇ ਪੈਂਦੇ ਪਿੰਡ ਅਲਾਚੌਰ ਦੇ ਸ. ਅਜੀਤ ਸਿੰਘ ਅਤੇ ਸ਼੍ਰੀਮਤੀ ਬਿਮਲਾ ਦੇ ਸੈਣੀ ਪਰਿਵਾਰ ਵਿੱਚ ਜਨਮੇ ਗੁਰਦੀਪ ਸਿੰਘ ਨੇ ਪੰਜਾਬੀ ਗੀਤਕਾਰੀ ਦੇ ਖੇਤਰ ਵਿੱਚ ਆਪਣਾ ਨਿਵੇਕਲਾ ਸਥਾਨ ਬਣਾ ਲਿਆ ਹੈ। ਕੁਦਰਤ ਨੇ ਭਾਵੇਂ ਉਸ ਨੂੰ ਜਨਮ ਤੋਂ ਹੀ ਦੋਵੇਂ ਲੱਤਾਂ ਤੋਂ ਵਾਂਝਾ ਰੱਖਿਆ ਪਰ ਗੀਤ ਲਿਖਣ ਦੀ ਕਲਾ ਨਾਲ ਮਾਲੋਮਾਲ ਕਰ ਦਿੱਤਾ। ਉਸ ਨੇ ਸਕੂਲ ਵਿੱਚ ਪੜ੍ਹਦਿਆਂ ਹੀ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਅਤੇ 1997 ਵਿੱਚ ਆਪਣਾ ਪਲੇਠਾ ਗੀਤ 'ਤੇਰਾ ਪਿਆਰ ਸੋਹਣੀਏ' ਰਿਕਾਰਡ ਵੀ ਕਰਵਾ ਲਿਆ ਜਿਸ ਨੂੰ ਆਵਾਜ਼ ਪ੍ਰਸਿੱਧ ਗਾਇਕ ਹਰਦੇਵ ਚਾਹਲ ਨੇ ਦਿੱਤੀ। ਉਸ ਨੇ ਹੁਣ ਤੱਕ 1000 ਤੋਂ ਵੱਧ ਗੀਤ ਲਿਖੇ ਹਨ ਜਿਨ੍ਹਾਂ ਵਿੱਚੋਂ 400 ਤੋਂ ਵੀ ਵੱਧ ਨਾਮਵਰ ਗਾਇਕਾਂ ਵਲੋਂ ਗਾਏ ਜਾ ਚੁੱਕੇ ਹਨ। ਉਸ ਦੇ ਗਾਣੇ 'ਜੋਗੀ ਤੇਰੇ ਮੰਦਰਾਂ ਤੋਂ' ਅਤੇ 'ਮਾਂ ਨਹੀਂ ਭੁੱਲਦੀ' ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਹਨ। ਆਪਣੀ ਪਤਨੀ ਸੁਨੀਤਾ ਰਾਣੀ ਅਤੇ ਤਿੰਨ ਧੀਆਂ ਨਾਲ ਉਹ ਆਪਣੇ ਪਿੰਡ ਗੁਣਾਚੌਰ ਵਿੱਚ ਖੁਸ਼ੀਆਂ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਸੈਣੀ ਬਰਾਦਰੀ ਨੂੰ ਦੀਪ ਅਲਾਚੌਰੀਆ 'ਤੇ ਅੰਤਾਂ ਦਾ ਮਾਣ ਹੈ

ਭਰਮ ਜਾਲ

## ਸਵਰਗ

ਇੱਕ ਮਹਾਤਮਾ ਲੋਕਾਂ ਨੂੰ ਕਿਹਾ ਕਰਦਾ ਸੀ ਕਿ ਮੌਤ ਤੋਂ ਬਾਅਦ ਉਸ ਦਾ ਹਰ ਸੇਵਕ ਸਿੱਧਾ ਸਵਰਗ ਨੂੰ ਜਾਵੇਗਾ। ਇੱਕ ਦਿਨ ਇਹ ਮਹਾਤਮਾ ਅਕਾਲਚਲਾਣਾ ਕਰ ਗਿਆ ਅਤੇ ਕੁੱਝ ਦਿਨਾਂ ਬਾਅਦ ਉਸ ਦਾ ਇੱਕ ਸੇਵਕ ਵੀ ਸਰੀਰ ਛੱਡ ਗਿਆ।

ਸੇਵਕ ਨੇ ਧਰਮਰਾਜ ਨੂੰ ਦੱਸਿਆ ਕਿ ਮਹਾਤਮਾ ਦੇ ਕਹਿਣ ਅਨੁਸਾਰ ਉਸ ਨੂੰ ਹੁਣ ਸਵਰਗ ਮਿਲਣਾ ਚਾਹੀਦਾ ਹੈ। ਧਰਮਰਾਜ ਨੇ ਇੱਕ ਪੌੜੀ ਦਿਖਾ ਕੇ ਕਿਹਾ, " ਇਹ ਪੌੜੀ ਸਿੱਧੀ ਸਵਰਗ ਨੂੰ ਜਾਂਦੀ ਹੈ। ਪਰ ਇਸ ਦਾ ਇੱਕ ਨਿਯਮ ਹੈ। ਇਹ ਲੈ ਚਾਕ! ਤੇ ਸੱਚੇ ਮਨੋ ਆਪਣੇ ਪਾਪ ਕਰਨਾਂ ਨੂੰ ਚੇਤੇ ਕਰ ਕੇ ਪੌੜੀ 'ਤੇ ਉੱਪਰ ਚੜ੍ਹਦਿਆਂ ਇੱਕ ਇੱਕ ਪਾਪ ਲਈ ਪੌੜੀ ਦੇ ਇੱਕ ਇੱਕ ਪੌਡੇ 'ਤੇ ਚਾਕ ਨਾਲ ਨਿਸ਼ਾਨ ਲਗਾਂਉਂਦਾ ਜਾਹ। ਜਿਉਂ ਹੀ ਪਾਪ ਕਰਮ ਮੁਕਣਗੇ, ਸਵਰਗ ਦਾ ਦਰਵਾਜ਼ਾ ਖੁੱਲ੍ਹ ਜਾਏਗਾ ਅਤੇ ਤੂੰ ਇਸ ਵਿੱਚ ਜਾ ਸਕੇਂਗਾ। ਪਰ ਯਾਦ ਰੱਖਣਾ ਕਿ ਜੇਕਰ ਤੂੰ ਝੂਠ ਬੋਲਿਆ ਤਾਂ ਪੌੜੀ ਤੈਨੂੰ ਹੇਠਾਂ ਸੁੱਟ ਦੇਵੇਗੀ"।

ਸੇਵਕ ਨੇ ਧਰਮਰਾਜ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਪੌੜੀ 'ਤੇ ਚੜ੍ਹਨਾ ਸ਼ੁਰੂ ਕੀਤਾ। ਪੌੜੀ ਚੜ੍ਹਦਿਆਂ ਤੇ ਨਿਸ਼ਾਨ ਲਗਾਉਂਦਿਆ ਉਸ ਨੂੰ ਕਈ ਮਹੀਨੇ ਬੀਤ ਗਏ ਪਰ ਪੌੜੀ ਬੱਦਲਾਂ ਤੀਕਰ ਲੰਮੀ ਹੁੰਦੀ ਚਲੀ ਗਈ। ਆਖਿਰ ਅੱਕ ਕੇ ਉਸ ਨੇ ਸੋਚਿਆ ਕਿ ਅਜਿਹੇ ਸਵਰਗ ਨਾਲੋਂ ਤਾਂ ਨਰਕ ਹੀ ਚੰਗਾ ਸੀ। ਉਹ ਨੀਚੇ ਉਤਰਨ ਬਾਰੇ ਸੋਚ ਹੀ ਰਿਹਾ ਸੀ ਕਿ ਉਸ ਨੂੰ ਉਹੀ ਮਹਾਤਮਾ ਪੌੜੀ ਤੋਂ ਉੱਤਰਦਾ ਦਿਖਾਈ ਦਿੱਤਾ। ਉਸ ਨੂੰ ਲੱਗਾ ਕਿ ਸ਼ਾਇਦ ਇਹ ਮਹਾਤਮਾ ਆਪਣੇ ਵਾਅਦੇ ਮੁਤਾਬਿਕ ਉਸ ਨੂੰ ਸਵਰਗ ਵਿੱਚ ਲੈ ਕੇ ਜਾਣ ਲਈ ਆਇਆ ਹੈ। ਸੇਵਕ ਨੇ ਪੁੱਛਿਆ, "ਮਹਾਤਮਾ ਜੀ, ਕੀ ਤੁਸੀਂ ਮੈਨੂੰ ਸਵਰਗ ਵਿੱਚ ਲਿਜਾਣ ਲਈ ਲੈਣ ਆਏ ਹੋ"? ਮਹਾਤਮਾ ਨੇ ਗੁੱਸੇ ਵਿੱਚ ਕਿਹਾ, " ਮੂਰਖ! ਮੇਰੇ ਤਾਂ ਚਾਕ ਹੀ ਮੁੱਕ ਗਏ, ਉਹ ਲੈਣ ਆਇਆਂ"।

* * * * *

ਮੈਗਜ਼ੀਨ ਸੈਣੀ ਸੰਸਾਰ ਵਿੱਚ ਬਰਾਦਰੀ ਦੇ ਸਫਲ ਵਿਅਕਤੀਆਂ ਦੇ ਵੇਰਵੇ ਛਾਪੇ ਜਾਂਦੇ ਹਨ। ਇਸ ਲਈ ਬੇਨਤੀ ਹੈ ਕਿ ਜੇ ਕੋਈ ਅਜਿਹਾ ਵਿਅਕਤੀ ਆਪ ਦੇ ਧਿਆਨ ਵਿੱਚ ਹੈ ਤਾਂ ਉਸ ਦੇ ਵੇਰਵੇ ਸਮੇਤ ਫੋਟੋ ਸੈਣੀ ਭਵਨ, ਰੂਪਨਗਰ ਦੇ ਦਫਤਰ ਵਿਚ ਜਾਂ ਹੇਠ ਲਿਖੀ ਈ-ਮੇਲ ਤੇ ਭੇਜੇ ਜਾਣ ਦੀ ਕ੍ਰਿਪਾਲਤਾ ਕੀਤੀ ਜਾਵੇ।

Email : sainibhawanrpr@gmail.com

ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਸਾਲ ਨੂੰ ਸਮਰਪਿਤ



ਡਾ. ਅਜਮੇਰ ਸਿੰਘ ਤੰਬੜ

## ਕੋਹਿਨੂਰ (ਬਾਬਾ ਨਾਨਕ) ਦੇ ਪਾਰਖੂ- ਬੇਬੇ ਨਾਨਕੀ, ਰਾਇ ਬੁਲਾਰ ਖਾਨ ਅਤੇ ਭਾਈ ਮਰਦਾਨਾ

ਬਾਕੀ ਸੰਸਾਰ ਜਿਸ ਤੋਂ ਵੰਚਿਤ ਸੀ, ਬੇਬੇ ਨਾਨਕੀ ਜੀ, ਭਾਈ ਮਰਦਾਨਾ ਅਤੇ ਰਾਇ ਬੁਲਾਰ ਖਾਨ ਸਾਹਿਬ ਨੂੰ ਰੱਬ ਨੇ ਉਹ ਨਜ਼ਰ ਦਿੱਤੀ।... ਗੁਰੂ ਬਾਬਾ (ਨਾਨਕ) ਜੀ ਦੇ ਬਚਪਨ ਦੀ ਸਾਦਗੀ ਅਤੇ ਮਾਸੂਮੀਅਤ ਵਿੱਚੋਂ ਅਨੰਤ ਰੂਹਾਨੀਅਤ ਦਾ ਸੂਰਜ ਉਦੈ ਹੁੰਦਿਆਂ ਇਨ੍ਹਾਂ ਤਿੰਨ ਸਿੱਖਾਂ ਨੇ ਪ੍ਰਤੱਖ ਦੇਖਿਆ। ਬੇਬੇ ਨਾਨਕੀ ਜੀ ਬਾਬਾ ਜੀ ਤੋਂ ਚਾਰ ਸਾਲ ਵੱਡੇ ਸਨ, ਭਾਈ ਮਰਦਾਨਾ ਜੀ ਦਸ ਸਾਲ ਅਤੇ ਰਾਇ ਬੁਲਾਰ ਪੱਚੀ ਸਾਲ ਦੇ ਕਰੀਬ ਵੱਡੇ ਸਨ। ਤਿੰਨੇ ਗੁਰੂ ਬਾਬਾ ਜੀ ਦੀ ਸ਼ਖਸੀਅਤ ਉੱਪਰ ਫਿਦਾ ਸਨ। (ਭਾਈ ਬਾਲੇ ਦੀ) ਸਾਖੀ ਦੱਸਦੀ ਹੈ ਕਿ ਬਾਬਾ ਜੀ ਧੁਰ ਦਿਲ ਦੀਆਂ ਡੂੰਘਾਣਾਂ ਵਿੱਚੋਂ ਇਨ੍ਹਾਂ ਨੂੰ ਪਿਆਰ ਕਰਦੇ ਸਨ।

ਸਫਰ ਦੌਰਾਨ ਤੇਜ਼ੀ ਨਾਲ ਅੱਗੇ ਵਧਦੇ ਜਾਂਦੇ ਅਚਾਨਕ ਆਖ ਦਿੰਦੇ, " ਚਲੋ ਭਾਈ ਵਾਪਸ ਸੁਲਤਾਨਪੁਰ ਚੱਲੀਏ"। ਭਾਈ ਮਰਦਾਨਾ ਪੁੱਛਦੇ, " ਬਾਬਾ ਜੀਨ ਕੱਲ੍ਹ ਤਾਂ ਆਖਦੇ ਸੀ ਹੋਰ ਅੱਗੇ ਜਾਣਾ ਹੈ"। ਬਾਬਾ ਜੀ ਆਖਦੇ, " ਨਾਂਹ ਭਾਈ! ਸੁਲਤਾਨਪੁਰ ਚੱਲੀਏ। ਬੇਬੇ ਨਾਨਕੀ ਹੁਣ ਧੀਰ ਨਹੀਂ ਧਰਦੀ। ਉਹ ਤਾਂ ਬੈਰਾਗਣਿ ਹੋਇ ਗਈ ਹੈ। ਉਹ ਅਸਾਡੀ ਭੈਣ ਆਹੀ। ਜੁੱਗਾਂ ਦੀ ਭੇਣ ਆਹੀ। ਅਸਾਡਾ ਮੇਲ ਹੁੰਦਾ ਆਇਆ ਹੈ। ਜੁੱਗਾਂ ਤੋਂ ਹੁੰਦਾ ਆਇਆ ਹੈ। ਸੁਲਤਾਨਪੁਰ ਚੱਲੀਏ"।

ਰਾਇ ਬੁਲਾਰ ਨੂੰ ਯਾਤਰਾ ਦੌਰਾਨ ਯਾਦ ਕਰਦਿਆਂ ਆਖਦੇ, "ਭਾਈ ਜੀ ਤਲਵੰਡੀ ਚੱਲੀਏ। ਰਾਇ ਜੀ ਦੀ ਮੁਹੱਬਤ ਦਾ ਭਾਰ ਅਸਾਂ ਦੇ ਮੋਢਿਆਂ 'ਤੇ ਅਧਿਕ ਵਧ ਗਿਆ ਹੈ। ਅਗੈ ਤੁਰਿਆ ਨਹੀਂ ਜਾਂਵਦਾ ਹੋਰ। ਤਲਵੰਡੀ ਚੱਲੀਏ"।

ਵੇਈਂ ਨਦੀ ਵਿਚ ਪ੍ਰਵੇਸ਼ ਦੀ ਸਾਖੀ ਸਭ ਨੇ ਸੁਣੀ ਹੈ। ਸੁਲਤਾਨਪੁਰ ਦਾ ਨਵਾਬ ਦੌਲਤ ਖਾਨ ਉਦਾਸ ਹੋਇਆ। ਗੋਤਾਖੋਰ ਮੰਗਵਾਏ। ਜਾਲ ਸੁੱਟੇ। ਦਰਿਆ ਹੂੰਝ ਦਿੱਤਾ। ਬਾਬਾ ਨਹੀਂ ਮਿਲਦਾ। ਕਿਤੋਂ ਕਲਬੂਤ ਤਾਂ ਮਿਲੇ। ਗਮਗੀਨ ਭਾਈ ਜੈ ਰਾਮ( ਬੇਬੇ ਨਾਨਕੀ ਦਾ ਪਤੀ) ਦੀ ਬਾਂਹ ਫੜ ਕੇ ਨਵਾਬ ਨੇ ਕਿਹਾ, " ਨਾਨਕ ਭਲਾ ਵਜ਼ੀਰ ਥਾ। ਪਰ ਖੁਦਾ ਅੱਗੇ ਕਿਸ ਦਾ ਜ਼ੋਰ"। ਔਰਤ ਮਰਦ ਧਰਵਾਸ ਦੇਣ ਬੇਬੇ ਨਾਨਕੀ ਜੀ ਪਾਸ ਗਏ ਤਾਂ ਬੇਬੇ ਨੇ ਕਿਹਾ, " ਹੌਸਲਾ ਰੱਖੋ। ਉਹ ਡੁੱਬ ਨਹੀਂ ਸਕਦਾ। ਜਿਸ ਦੀ ਬਦੌਲਤ ਸੰਸਾਰ ਨੇ ਤਰਨਾ ਹੈ, ਉਹ ਹਰਗਿਜ਼ ਨਹੀਂ ਡੁੱਬਿਆ। ਧੀਰਜ ਤੋਂ ਕੰਮ ਲਵੋ"। ਬਸਤਰਾਂ ਨਜ਼ਦੀਕ ਨੀਵੀਂ ਪਾਈ ਬੈਠੇ ਮਰਦਾਨਾ ਜੀ ਨੂੰ ਨਗਰ ਵਾਸੀਆਂ ਨੇ ਕਿਹਾ, " ਸਬਰ ਕਰੋ ਭਾਈ। ਘਰ ਚੱਲੋ"। ਭਾਈ ਜੀ ਬੋਲੇ, " ਬਾਬੇ ਕਹਿਆ ਇਥੈ ਬੈਠ। ਮੈਂ ਆਇਆ। ਕਿਉਂ ਜਾਵਾਂ ਇੱਥੋਂ ? ਬਸਤਰਾਂ ਪਾਸ ਬਿਠਾ ਕੇ ਗਏ ਹਨ ਖੁਦ। ਆਉਣਗੇ ਮਹਾਰਾਜ। ਤੁਸੀਂ ਚਲੋ"। ਤਿੰਨ ਦਿਨ ਬਾਬਾ ਜੀ ਦੇ ਵਾਪਿਸ ਆਉਣ ਤੱਕ ਉਹ ਵੇਈਂ ਨਦੀ ਦੇ ਕਿਨਾਰੇ ਭਰੋਸੇ ਨਾਲ ਬੈਠੇ ਰਹੇ।......

ਬਾਬਾ ਜੀ ਦੀਆਂ ਯਾਤਰਾਵਾਂ ਦਾ ਦੌਰ ਆਰੰਭ ਹੋਇਆ। ਇਕ ਤੋਂ ਬਾਅਦ ਦੂਜਾ ਦੂਜੇ ਤੋਂ ਬਾਅਦ ਤੀਜਾ ਦੇਸ਼। ਭਾਈ ਮਰਦਾਨਾ ਜੀ ਦਾ ਸੰਗ। ਵਰ੍ਹਿਆਂ ਬਾਅਦ ਪਰਤੇ ਤਾਂ ਐਮਨਾਬਾਦ (ਪਾਕਿਸਤਾਨ) ਭਾਈ ਲਾਲੋ ਦੇ ਘਰ ਬਿਸਰਾਮ ਕੀਤਾ। ਫ਼ੈਸਲਾ ਕੀਤਾ ਕਿ ਖੁਦ ਭਾਈ ਲਾਲੋ ਜੀ ਪਾਸ ਟਿਕਣਗੇ ਤੇ ਮਰਦਾਨਾ ਜੀ ਤਲਵੰਡੀ ਜਾ ਕੇ ਪਰਿਵਾਰਾਂ ਦੀ ਖ਼ੈਰ -ਸੁੱਖ ਦਾ ਪਤਾ ਲੈਣ ਚਲੇ ਜਾਣ। ਭਾਈ ਮਰਦਾਨਾ ਜੀ ਪਿੰਡ ਬਾਬਾ ਜੀ ਦੇ ਘਰ ਗਏ। ਮਾਪਿਆਂ ਨੇ ਪੁੱਤਰ ਦੀ ਖੈਰ ਪੁੱਛੀ ਤਾਂ ਉੱਤਰ ਦਿੱਤਾ ਕਿ ਸਭ ਠੀਕ ਹੈ। ਸਾਖੀ ਦੇ ਸ਼ਬਦ ਹਨ- 'ਪਿਤਾ ਨੇ ਕਿਹਾ ਦੇਹੁ ਮਰਦਾਨਿਆ ਨਾਨਕ ਦੀਆਂ ਖਬਰਾਂ। ਭਾਈ ਮਰਦਾਨਾ ਨੇ ਕਿਹਾ-ਜੀ ਗਿਣਤੀ ਕੋਈ ਨਹੀਂ ਸਿਫਤਾਂ ਦੀ'।....



ਰਾਇ ਬੁਲਾਰ ਨੂੰ ਭਾਈ ਮਰਦਾਨਾ ਦੇ ਆਉਣ ਦੀ ਖਬਰ ਮਿਲੀ ਤਾਂ ਸੱਦਾ ਭੇਜਿਆ। ਜਾ ਸਲਾਮ ਕੀਤਾ। 'ਰਾਇ ਆਖਿਆ- ਆਖ ਮਰਦਾਨਾ ਨਾਨਕ ਜੀ ਦੀਆਂ ਖ਼ਬਰਾਂ। ਮਰਦਾਨਾ ਜੀ ਬੋਲੇ -ਜੀ ਨਾਨਕ ਪਾਤਿਸਾਹਾਂ ਦਾ ਪਾਤਿਸਾਹ, ਪੀਰਾਂ ਦਾ ਪੀਰ , ਨਾਨਕ ਫਕੀਰਾਂ ਸਿਰਿ ਫਕੀਰ। ਉਸਦੈ ਤੁੱਲ ਹੋਰ ਕੋਈ ਨਾਹੀਂ।...ਰਾਇ ਕਹਿਆ- ਮਰਦਾਨਿਆਂ ਅਸੀਂ ਬਿਰਧ ਹੋਇ ਆਹੇ। ਕਿਮੈਂ ਨਾਨਕ ਜੀ ਨੂੰ ਬੀ ਇਥੈ ਲਿਆਵੇਂ। ਦੀਦਾਰ ਕਰੀਏ' ।

ਬਾਬਾ ਜੀ ਨੂੰ ਬੁਲਾਉਣ ਲਈ ਮਰਦਾਨਾ ਜੀ ਤਲਵੰਡੀਓਂ ਐਮਨਾਬਾਦ ਵਲ ਤੁਰ ਪਏ। ਜਾ ਕੇ ਪਿੰਡ ਚੱਲਣ ਦੀ ਬੇਨਤੀ ਕੀਤੀ । 'ਬਾਬਿਆਂ ਕਿਹਾ- ਕੀ ਕਰਾਂਗੇ ਭਾਈ ਤਲਵੰਡੀ ਜਾ ਕੇ। ਪਿਤਾ ਰੰਜ ਹੋਂਦੇ ਹਨ। ਉਨ੍ਹਾਂ ਦਾ ਕਰੋਧ ਦੇਖਣ ਕੀ ਜਾਣਾ।.......' ਭਾਈ ਮਰਦਾਨੇ ਨੇ ਕਿਹਾ- ਬਾਬਾ ਜੀ ਰਾਇ ਸਾਹਿਬ ਬਹੁਤ ਯਾਦ ਕਰਦੇ ਹਨ। ਉਨ੍ਹਾਂ ਘਲਿਆ ਹੈ ਮੈਨੂੰ। ਦੀਦਾਰ ਕਈ ਅਰਜ਼ ਗੁਜ਼ਾਰੀ ਹੈ। ਬਾਬਾ ਜੀ ਚੁਪ ਕਰ ਗਏ। ਫਿਰ ਕਿਹਾ, ਠੀਕ ਹੈ। ਚਲਦੇ ਹਾਂ।.... ਬਾਬਾ ਜੀ ਨੇ ਵਿਦਾਇਗੀ ਮੰਗੀ ਤੇ ਅਸੀਸਾਂ ਦੇ ਕੇ ਪਿੰਡ ਦਾ ਰੁਖ ਕੀਤਾ'।

ਆਪਣੇ ਘਰ ਨਹੀਂ ਗਏ। ਰਾਇ ਦੀ ਹਵੇਲੀ ਪੁੱਜੇ। ਰਾਇ ਦੀਵਾਨ ਉਪਰ ਬੈਠੇ ਸਨ। ਉਮਰ ਵਧੀਕ ਹੋ ਗਈ

ਸੀ। ਮਹਾਰਾਜ ਨੂੰ ਦੇਖਦਿਆਂ ਦੀਵਾਨ ਤੋਂ ਉਠਣ ਦਾ ਯਤਨ ਕਰਨ ਲੱਗੇ ਪਰ ਉਠਿਆ ਨਾ ਗਿਆ। ਬਾਬਾ ਜੀ ਤੇਜ਼ ਕਦਮੀ ਅਗੇ ਆਏ ਤੇ ਰਾਇ ਬੁਲਾਰ ਜੀ ਦੇ ਗੋਡਿਆਂ ਉਪਰ ਦੋਵੇਂ ਹੱਥ ਰੱਖੇ। ਰਾਇ ਨੇ ਕਿਹਾ, 'ਬਾਬਾ ਵੱਡਾ ਜੁਲਮ ਕੀਤੋ ਮੈਂ ਉਪਰ। ਤੁਸਾਂ ਨੂੰ ਸੱਦਿਆ ਸੀ, ਜੋ ਕਦਮ ਚੁੰਮਾਂ। ਸਾਡੀ ਦੇਹ ਨੂੰ ਹੱਥ ਕਿਉਂ ਲਾਇਆ ਬਾਬਾ ਸਾਨੂੰ ਮਾਰ ਨਾਂਹ'। ਮਹਾਰਾਜ ਨੇ ਫੁਰਮਾਇਆ, ਰਾਇ ਜੀ ਤੁਸੀਂ ਵੱਡੇ ਹੋ। ਅਸੀਂ ਤੁਹਾਡੀ ਪਰਜਾ ਹਾਂ। ਰਾਇ ਬੋਲੇ, ਬਾਬਾ ਮੈਨੂੰ ਤੂੰ ਬਖਸ਼। ਅਰ ਕਰਤਾਰ ਤੋਂ ਬੀ ਬਖਸ਼ਾ। ਗੁਰੂ ਬਾਬੇ ਬੋਲੇ, ਤੁਸੀਂ ਧੁਰੋਂ ਬਖਸੇ ਹੋਏ ਹੋ। ਰਾਇ ਨੇ ਫਿਰ ਕਿਹਾ, ਮੈਂ ਉਪਰ ਆਪਣੀ ਬੀ ਕੁਛ ਮਿਹਰਬਾਨੀ ਕਰ ਬਾਬਾ ਜਾਂ ਫਿਰ ਇਹ ਦਸ ਮੈ ਮਿਹਰਬਾਨੀ ਦਾ ਹੱਕਦਾਰ ਨਹੀਂ। ਬਾਬੇ ਫਰਮਾਇਆ, ਰਾਇ ਜੀ ਜਿਥੈ ਅਸੀਂ ਤਿਥੈ ਤੁਸੀਂ। ਰਾਇ ਨੇ ਕਿਹਾ, ਰੀਝ ਪੂਰੀ ਤਾਂ ਹੋਵੇ ਬਾਬਾ ਜੇ ਮੱਥਾ ਕਦਮਾਂ ਉਪਰ ਰੱਖਣ ਦੀ ਇਜਾਜ਼ਤ ਮਿਲੇ। ਰਾਇ ਬਹੁਤ ਅਧੀਰ ਹੋਇਆ ਤਾਂ ਬਾਬੇ ਦੀ ਆਗਿਆ ਨਾਲ ਸਿਰ ਕਦਮਾਂ ਤੇ ਰੱਖਿਆ ਅਰ ਬਹੁਤ ਬਿਗਸਿਆ। ਬਾਬੇ ਨੇ ਅਸੀਸਾਂ ਦਿੱਤੀਆਂ।

ਫਿਰ ਰਾਏ ਨੇ ਉਮੀਦੇ ਨੌਕਰ ਨੂੰ ਬੁਲਾਇਆ ਤੇ ਕਿਹਾ, "ਸੁਧੇ ਬਾਹਮਣ ਨੂੰ ਬੁਲਾ ਲਿਆ। ਕਮਾਲ ਖਾਣਾ ਉਹੋ ਬਣਾ ਸਕਦਾ ਹੈ।" ਹਮੀਦਾ ਗਿਆ ਤਾਂ ਪੁੱਛਿਆ, "ਦਸੋ ਬਾਬਾ ਜੀ ਕੀ ਛਕਣਾ ਹੈ"। ਬਾਬਾ ਜੀ ਨੇ ਕਿਹਾ, "ਕਰਤਾਰ ਜੋ ਭੇਜਦਾ ਹੈ ਖਾ ਲੈਂਦੇ ਹਾਂ।" ਰਾਇ ਨੇ ਪੁੱਛਿਆ, "ਆਗਿਆ ਹੋਵੇ ਤਾਂ ਬੱਕਰਾ ਬਣਾ ਲਈਏ?" ਬਾਬਾ ਜੀ ਨੇ ਕਿਹਾ, "ਪੁੱਛਣ ਦੱਸਣ ਫਰਮਾਇਸ਼ਾਂ ਦੀ ਕੀ ਲੋੜ ਇਥੇ'। ਖੁਸ਼ ਹੋ ਕੇ ਜੋ ਖੁਆਓਗੇ ਖਾਵਾਂਗੇ। ਜੋ ਤੁਸਾਂ ਨੂੰ ਭਾਵੇ ਸੋਈ ਅਸਾਂ ਲਈ ਅੱਛਾ ਹੈ।" ਰਾਇ ਨੇ ਰਸੋਈਏ ਨੂੰ ਕਿਹਾ, "ਪਹਿਲੋਂ ਮਿੱਠਾ ਬਣਾਉ। ਸਲੂਣਾ ਬਾਅਦ ਵਿੱਚ ਛਕਾਂਗੇ। "

ਰਾਇ ਬੁਲਾਰ ਨੇ ਸਾਰੀ ਉਮਰ ਬਾਬਿਆਂ ਦੇ ਨਾਮ ਦਾ ਸਿਮਰਨ ਕੀਤਾ। ਆਪਣੇ ਮੇਲੀਆਂ-ਜੋਲੀਆਂ, ਸਬੰਧੀਆਂ ਨਾਲ ਗੱਲਾਂ -ਬਾਤਾਂ ਕਰਦਿਆਂ ਆਖ ਦਿੰਦੇ, "ਯਾਰੋ !ਕੌਣ ਹੈ ਖੁਸ਼ਕਿਸਮਤ ਆਲਮ ਵਿੱਚ ਸਾਡੇ ਜਿਹਾ? ਅਸਾਂ ਉਹ ਕੁੱਝ ਦੇਖ ਲਿਆ ਜੋ ਦੇਖਣ ਲਈ ਜੰਗਲਾਂ ਵਿਚ ਤਪ ਕਰਦਿਆਂ ਉਮਰਾਂ ਬੀਤਦੀਆਂ ਹਨ, ਫਿਰ ਵੀ ਨਸੀਬ ਨਹੀਂ ਹੁੰਦਾ। ਬੈਠੇ ਬਠਾਏ ਅਸੀਂ ਕੇਹੇ ਧਨੀ ਹੋ ਗਏ ਬਿਨਾ ਕੁੱਝ ਕੀਤਿਆਂ ਕਰਾਇਆਂ। ਆਪਣੀ ਮਰਜ਼ੀ ਨਾਲ ਮਿਹਰਬਾਨ ਹੋ ਕੇ ਦੋਸਤਾਂ ਵਾਂਗ ਖੁਦਾਵੰਦ ਸਾਹਮਣੇ ਡੱਠੀ ਮੰਜੀ ਉਪਰ ਬੈਠ ਜਾਇਆ ਕਰਦਾ ਸੀ।......"

ਇਕ ਦਿਨ ਰਾਇ ਜੀ ਨੇ ਕਿਹਾ,"ਬਾਬਾ,ਤੁਸਾਂ ਦੇ ਮਾਪੇ ਬਿਰਧ ਹੋ ਗਏ ਹਨ।ਪਤਾ ਨਹੀਂ ਕਿੰਨਾਂ ਕੁ ਚਿਰ ਹੋਰ ਹਨ। ਤੁਸੀਂ ਮੁਦਤਾਂ ਬਾਅਦ ਪਰਤਦੇ ਹੋ।ਮਾਪਿਆਂ ਨੂੰ ਮਿਲਣ ਲਈ ਆਉਂਦੇ ਸਉ ਤਾ ਅਸਾਂ ਨੂੰ ਭੀ ਦੀਦਾਰ ਨਸੀਬ ਹੋ ਜਾਂਦੇ। ਮਾਤਾ ਪਿਤਾ ਨਾ ਰਹੇ ਤਾਂ ਕਿਸ ਵਾਸਤੇ ਨਿਮਾਣੀ ਤਲਵੰਡੀ ਵਿਚ ਆਉਣਾ ਹੈ ਤੁਸੀਂ। ਫੇਰ ਅਸੀਂ ਕੀ ਕਰਾਂਗੇ"।

ਬਾਬਾ ਜੀ ਹੱਸ ਪਏ ਕਿਹਾ, "ਅਨਜਾਣ ਨਾ ਬਣੋ ਰਾਇ ਜੀ। ਹੋਰ ਕਿਸੇ ਨੂੰ ਪਤਾ ਹੋਵੇ ਨਾ ਹੋਵੇ! ਤੁਸਾਂ ਨੂੰ ਪਤਾ ਹੈ ਸਭ। ਤੁਸਾਂ ਨੂੰ ਮਿਲਣ ਆਂਵਦਾ ਮਾਪਿਆਂ ਨੂੰ ਭੀ ਮਿਲ ਜਾਂਦਾ। ਪਿਤਾ ਮੁਤਾਬਕ ਤਾਂ ਉਨ੍ਹਾਂ ਦਾ ਨਾਮ ਰੋਲਣ ਲਈ ਜੰਮਿਆਂ ਸੀ ਨਾਨਕ"।

ਰਾਇ ਨੇ ਕਿਹਾ, "ਜੀ ਹੁਣ ਕਈ ਮਹੀਨੇ ਨਹੀਂ ਜਾਣ ਦੇਣਾ ਤੁਸਾਂ ਨੂੰ। ਸਾਡੀ ਅਰਜ਼ ਮੋੜਨੀ ਨਾਂਹ।"

ਬਾਬਾ ਜੀ ਨੇ ਕਿਹਾ, "ਕੀ ਕਰਾਂਗੇ ਰਹਿ ਕੇ। ਇਸਨਾਨ ਕਰਨ ਵਾਸਤੇ ਪਾਣੀ ਨਹੀਂ ਲਭਦਾ ਇਥੇ । ਛੱਪੜ ਵੀ ਸੁੱਕਿਆ ਪਿਆ ਹੈ। ਦਰਿਆਵਾਂ ਸਮੁੰਦਰਾਂ ਦੇ ਦੋਸਤ ਇਥੇ ਨਹੀਂ ਰਹਿਣਗੇ। ਤਲਵੰਡੀ ਤੁਸਾਂ ਨੂੰ ਮੁਬਾਰਕ।"

ਰਾਇ ਨੇ ਕਿਹਾ, "ਚਾਰ ਕੂੰਟਾਂ ਵਿਚ ਬਾਬਾ ਚਾਰ ਖੂਹ ਖੁਦਵਾਇ ਦੇਸਾਂ। ਅਰ ਚਲਵਾਇ ਦੇਸਾਂ ਸਦਾਬਰਤ ਲੰਗਰ ਤੁਸਾਂ ਦੇ ਮੁਬਾਰਕ ਹੱਥਾਂ ਦੀ ਛੁਹ ਨਾਲ। ਟਿਕਾਣਾ ਕਰਨ ਲਈ ਹਾਂ ਤਾਂ ਕਰੋ ਇਕ ਬਾਰ।"

ਗੁਰੂ ਜੀ ਨੇ ਫੈਸਲਾ ਕੀਤਾ ਕਿ ਅਗਲੀ ਯਾਤਰਾ ਉਤੇ ਜਾਣ ਤੋਂ ਪਹਿਲੋਂ ਰਾਇ ਜੀ ਨੂੰ ਵਿਦਾ ਕਰਕੇ ਜਾਵਾਂਗੇ। ਸੰਨ 1515 ਈਸਵੀ ਵਿਚ ਆਪਣੇ ਹੱਥੀਂ ਮਹਾਰਾਜ ਨੇ ਅਸੀਸਾਂ ਦੇ ਕੇ ਸੰਸਾਰ ਵਿਚੋਂ ਰਾਇ ਬੁਲਾਰ ਖਾਨ ਨੂੰ ਤੋਰਿਆ।

(ਇਸ ਲੇਖ ਦੇ ਵੇਰਵੇ ਹਰਪਾਲ ਸਿੰਘ ਪੰਨੂੰ ਦੀ ਪੁਸਤਕ 'ਗੌਤਮ ਤੋਂ ਤਾਸਕੀ' 'ਚੋਂ ਧੰਨਵਾਦ ਸਹਿਤ ਲਏ ਗਏ ਹਨ।-ਸੰਪਾਦਕ)

❋ ❋ ❋ ❋ ❋

ਸ਼ਹੀਦੀ ਮਾਹ, ਦਸੰਬਰ 2018 ਨੂੰ ਸਮਰਪਿਤ

## ਸਿੱਖੀ

**ਠਾਕੁਰ ਰਵਿੰਦਰ ਨਾਥ ਟੈਗੋਰ**

ਮੈਨੂੰ ਤੇਰੀ ਭਰੀ ਜਵਾਨੀ 'ਤੇ ਰਹਿਮ ਆਉਂਦਾ ਹੈ।  
ਜਾਹ ਮੈਂ ਬਖਸ਼ਦਾ ਹਾਂ ਤੇਰੀ ਜਾਨ  
ਬੱਸ ਇਸ ਦੇ ਇਵਜ਼ ਵਿੱਚ ਮੈਨੂੰ ਇੱਕ ਤੋਹਫਾ ਦੇ ਜਾ  
ਜਾਣ ਲੱਗਿਆਂ  
ਤੋਹਫਾ ਦੇ ਜਾ ਆਪਣੇ ਖੂਬਸੂਰਤ ਲੰਮੇ ਵਾਲ਼  
ਮਨਜ਼ੂਰ ਹੈ ਬਾਦਸ਼ਾਹ, ਭਾਈ ਤਾਰੂ ਸਿੰਘ ਨੇ ਕਿਹਾ  
ਤੂੰ ਵੀ ਕੀ ਕਰੇਂਗਾ ਯਾਦ  
ਕਿਸੇ ਸਿੱਖ ਕੋਲੋਂ ਕੁੱਝ ਮੰਗਿਆ ਸੀ  
ਦੇ ਜਾਵਾਂਗਾ ਤੈਨੂੰ ਆਪਣੇ ਸੁਹਣੇ ਵਾਲ਼  
ਪਰ ਇਕੱਲਾ ਵਾਲ਼ ਨਹੀਂ  
ਆਪਣਾ ਸਿਰ ਵੀ ਦੇ ਕੇ ਜਾਵਾਂਗਾ ਨਾਲ।



**Balbir Singh Saini**
Rupnagar

# List of Scholarship Awardees (2018-19)

| Awardee | Class | Name of Institute |
|---|---|---|
| **L.R. Mundra Memorial Scholarship** | | |
| 1.Sukhpal Singh Vill Khanpur,Distt Rupnagar | MBA Final | I.I.M. Ahmedabad (Rs. 3 Lakh) |
| **Regular & Casual Scholarships** | | |
| 2.Manjot Kaur D/O Late S Kirpal Singh | M.Sc(Hon.)Phy. | S.G.G.Sahib World University,Fateh Garh Sahib |
| 3.Tejinder Kaur D/O S.Balvir Singh | M.Sc(Hon.)Phy. | Punjabi University,Patiala |
| 4.Damanpreet Kaur D/O S.Gurmeet Singh | M.Sc.Chemistry | Mata Gujri College,Fatehgarh Sahib |
| 5.Sumanpreet Kaur D/O S Rajinder Singh | M.Sc.Microbio. | Mata Gujri CollegeFatehgarh Sahib |
| 6.Navdeep Kaur D/o S.Jasvir Singh | M.Sc.Chemistry | Mata Gujri College Fatehgarh Sahib |
| 7.Simrandeep Kaur D/O S.Sandeep Saini | M.Sc(Hon.) Botany | Punjabi University, Patiala |
| 8.Harpreet Singh S/O S Avtar Singh | M.Sc.Nano Sci.Tech | Punjabi University, Patiala |
| 9.Priya Saini D/O Sh.Ram Kumar | M.Sc Bio.Chemistry | PGIMER Chandigarh |
| 10.Harkirt Kaur D/O S Gurinderjit Singh | M.Sc Forensic Sci.& Crim. | Punjab University Chandigarh |
| 11.Sonika D/O Dinesh Kumar | M.Sc Botany | S.G.T.B.Khalsa College Anandpur Sahib |
| 12.Manjeet Kaur D/o Harwinder Singh | M.Sc Maths $2^{nd}$ year | ASBASJSM College Bela |
| 13.Simranjit Kaur TonkD/o Jagjit Singh Tonk | B.Ed $3^{rd}$ Sem | Rayat College of Education |
| 14.Harpreet Kaur D/o Late Amarjit Singh | B.Ed | Lincoln College of Education Sirhind |
| 15.Ramandeep Kaur D/o S.Jasvir Singh | B.Ed$2^{nd}$ year | Lincoln College of Education Sirhind |
| 16.Himani Saini D/O Kuldip Kumar | B.Ed | Pine Grove College of Education Bassi Pathana |
| 17.Sarbjeet Kaur D/o Manjeet Singh | B.Ed $2^{nd}$ year | do- - |
| 18.Jaspreet Kaur D/o Harminder Singh | B.E $1^{st}$ year | Punjab College of Education Fatehgarh Sahib |
| 19.Raveena Saini D/o Late Chand Raj | B.Ed $3^{rd}$ Sem | Pine Grove College of Education Bassi Pathana |
| 20.Gurpreet Kaur D/o Rajinder Singh | B.Ed | Rayat Bahra College of education |
| 21.Inderpreet Kaur D/O Sital Sukhwinder Singh | B.Ed $1^{st}$ year | Pine Grove College of Education Bassi Pathana |
| 22.Tejinder Singh S/o Gurmit Singh | B.Tech ECE $6^{th}$ Sem | Guru Nanak Dev University Amritsar |
| 23.Simranjeet Kaur D/o S Didar Singh | B.Tech C.S.E $1^{st}$ sem | BBSBEC Fatehgarh Sahib |
| 24.Jatinder Singh S/o Harmeet Singh | B.Tech $7^{th}$ sem | Adesh Institute of Technology,Gharuan |
| 25.Mandeep Kaur D/o Swaran Singh | B.Tech C.S.E $7^{th}$ sem | GGSCMT College Kharar |

| | | |
|---|---|---|
| 26. DikshaD/o Sh.Sant Ram | B.Sc 2nd Sem | Govt College Ropar |
| 27. Karishma Sharma D/o Satish Kumar | B.Sc.(M) 3 rd year | -do- |
| 28. Jaspreet Kaur D/o S Lakhbir Singh | B.Sc.(M) 1 st year | -do- |
| 29. Abhireet Kaur D/o Late S. Manjeet Singh | B.Sc(M)(Hons) 3 rd year | Mata Sundri College Delhi |
| 30. Rupinder Kaur D/o S Sarabjit Singh | B.Sc (N.M) 2 nd year | Govt College Ropar |
| 31. Harpreet Kaur D/o Gurmeet Singh | B.Sc (N.M) 2 nd year | -do- |
| 32. Jaspreet Kaur D/o Balwinder Singh | B.C.A. 6 th Sem | Rayat Bahra University |
| 33. Manvir Kaur D/o Balvir Singh | B.Sc.(N.M) 1 st year | BAM Khalsa College Garshankar |
| 34. Harmanjeet SinghS/O Late Sukhwinder Singh | B.Sc I.T 1 st sem | Sanik Institute of Management & Technology Ropar |
| 35. Avneet Kaur D/o Iqbal Singh | B.Sc.Computer 3 rd SEM | ASBASJSM College Bela |
| 36. Simranjeet Kaur D/O Tarsem Singh | B.Sc.Computer 2 nd SEM | -do- |
| 37. Suman Bala D/o Bhupinder Pal | B.Sc (N.M)3 rd sem | -do- |
| 38. Jaspreet Kaur D/o Jaswinder Singh | B.Sc.Agriculture 3 rd year | Bibi Sharan Kaur Khalsa College Chamkaur Sahib |
| 39. Ramandeep Kaur D/O S Mehar Singh | M.Sc 1 st year Bio Tech | ASBASJSM College Bela |
| 40. Harshita Saini D/o Sh.Dharmender Saini | M.Sc Bio Technology | ASBASJSM College Bela |
| 41. Deepika D/o Sh.Ashok Kumar | M.Sc 2 nd year | ASBASJSM College Bela |
| 42. Amanjot Kaur D/O Balwinder Singh | B.Sc 3 rd sem | Govt College Ropar |
| 43. Ajay Kumar Sharma S/o Satish Kumar | B.Sc 3 rd sem | -do- |
| 44. Kiranjit Kaur D/o S.Surinder Singh | M.Sc 1 st year Bio Tech. | Govt College Ropar |
| 45. Jaspreet Kaur D/o Late Gurmit Singh | B.Sc(Hons) Physics 1 st sem | S.G. G. Sahib World University Fatehgarh Sahib |
| 46. Gurvinder Kaur D/o S.Jora Singh | M.Sc 2 nd year | ASBASJSM College Bela |
| 47. Jaskaran Kaur D/O S. Jaswinder Singh | M.P.Ed. 1 st Year | Panjab University Chandigarh |
| 48. Amandeep Kaur D/o Late Balbir Singh | MBA | Rayat Bahra University |
| 49. Gurpreet Kaur D/o S.Gurmail Singh | BDS Final year | Rayat Bahra Dential College |
| 50. Jaskiran Kaur D/o S.Gurmail Singh | B.Pharma 2 nd year | P.T.U ASBASJSM College Bela |
| 51. Ishwinder Singh S/o Late.Davinderjit Singh | B.Pharmac 5 th Sem | ASBASJSM College Bela |
| 52. Harpreet Kaur D/o S.Surjit Singh | B.Sc.Nsg 4 th year | Silver Oaks College of Nursing Abhipur |
| 53. Parvinderveer Kaur D/o S.Darshan Singh | B.Pharmacy 8 th Sem | Doaba Group of College |
| 54. Amandeep Kaur D/O S Gurmit Singh | BDS 1 st year | Rayat Bahra Dental College |
| 55. Lovepreet Kaur D/o Sher Bahadur | B.Sc.NSG 3 rd year | Rayat Bahra College of NSG |
| 56. Bhawandeep Kaur D/o Surjit Singh | B.Ed 2 nd year | Lincoln College of Education Sirhind |
| 57. Gurpreet Kaur D/O Shadi Lal | Pharmacy Diploma DMLT | ASBASJSM College Bela |
| 58. Maninderpreet Kaur D/o Jaswant Singh | B.Sc 2 nd year | Govt College Ropar |
| 59. Jashanpreet Kaur D/o Satnam Singh | B.Sc. 3 rd year | -do- |
| 60. Jasika Sharma D/o Raj Kumar | B.Sc 5 th Sem | -do- |

| | | |
|---|---|---|
| 61. Nisha Rani D/o Rajinder Singh | B.Sc 3rd year | -do- |
| 62. Arshpreet Singh S/o Rajinderpal Singh | B.Sc 1st year | Govt College Ropar |
| 63. Sandeep Kaur D/o Parwinder Singh | B.Sc Community Science | PAU Ludhiana |
| 64. Navjot Kaur D/o Umrao Singh | B.Sc (N.M) 2nd year | ASBASJSM College Bela |
| 65. Simranjeet Kaur D/o Balwinder Singh | B.Sc (N.M) 4th Sem | ASBASJSM College Bela |
| 66. Jaspreet Kaur D/o Amarjit Singh | B.Sc (N.M) 1st year | SGGS College,Mahilpur (Hoshiarpur) |
| 67. Ramanpreet Kaur D/o Late Baljinder Singh | do - - | ASBASJSM College Bela |
| 68. Kamalpreet Kaur D/o Sucha Singh | E.T.T 1st year | DIET.Ropar |
| 69. Sarabjeet Kaur D/o Late Jaspal Singh | E.T.T 1st year | DIET.Ropar |
| 70. Gagandeep Singh S/o Surinder Singh | B.Com 3rd sem | Govt College Ropar |
| 71. Manpreet Kaur D/o Avtar Singh | B.Com 1st Sem | S.G. T. Bahadur Khalsa College Anandpur Sahib |
| 72. Navneet Kaur D/o Paramjeet Singh | B.Com 1st year | Govt College Ropar |
| 73. Neha Rani D/o Ravi Kumar | B.Com 1st year | Govt College Ropar |
| 74. Karan Singh Saini S/o Late Narinderpal Singh | B.E.C.S.E 5th Sem | Chitkara University |
| 75. Navjot Kaur D/o Mukhtiar Singh | +2 Comm. | Mata Hardi National Collegiate Sr.Sec.School, Machhiwara |
| 76. Sandeep Singh S/O Ranjit Singh | +2 | Parkash Memorial Deaf & dumb School Ropar |
| 77. Parveen Kumar D/o Som Nath | -Do- | -do- |
| 78. Karanveer Singh S/o Rajinder Singh | -Do- | -do- |
| 79. Gagandeep Kaur D/o Jarnail Singh | +2 | G.I.P School Ropar |
| 80. Taranjeet Singh S/o Jarnail Singh | +1 | -Do- |
| 81. Mandeep Kaur D/o Jaspal Singh | BA 1st year | Govt College Ropar |
| 82. Miss Manisha D/o Baiju Mandal | BA 3rd year | H.M.V.College Jalandhar |
| 83. Arshpreet Singh S/o Randhir Singh | Diploma 1st year Mech. | Rayat Bahra University |
| 84. Navdeep Kaur D/o Paramjit Singh | B.A (Hon.) | Punjabi University Patiala |
| 85. Sandeep Singh S/o Harpal Singh | B.Sc (N.M) 3rd sem | Govt College Ropar |

Total Amount of Rs. 8,07,200/- have been disbursed to the students in Annual Education Function held on 5.11.2018 at Saini Bhawan, Rupnagar.

**APPEAL**

Donate to Saini Charitable Education Trust to help the needy & brilliant students in the form of Scholarships.

ਜੀਵਨ ਜਾਂਚ

# ਜ਼ਰਾ ਸੂਝ ਨਾਲ ਵਿਚਰੋ

ਗੁਰਬਿੰਦਰ ਸਿੰਘ ਮਾਣਕ (ਸੈਣੀ)
ਪਿੰਡ ਖੁਰਦ ਕਲਾਂ, ਜਲੰਧਰ



ਸੋਚਣ ਤੇ ਵਿਚਾਰਨ ਦੀ ਕੁਦਰਤ ਵੱਲੋਂ ਬਖਸ਼ੀ ਅਦਭੁੱਤ ਸ਼ਕਤੀ ਕਾਰਨ ਹੀ ਮਨੁੱਖ ਆਪਣੇ ਆਪ ਨੂੰ ਇਸ ਧਰਤੀ ਦਾ ਬਾਦਸ਼ਾਹ ਕਹਾਉਂਦਾ ਹੈ। ਇਹ ਵੱਖਰੀ ਗੱਲ ਹੈ ਕਿ ਮਨੁੱਖ ਆਪਣੀ ਸੂਝ ਦਾ ਉਸ ਤਰ੍ਹਾਂ ਦਾ ਪ੍ਰਗਟਾਵਾ ਨਹੀਂ ਕਰਦਾ ਜਿਸ ਤਰ੍ਹਾਂ ਦੀ ਇਸ ਤੋਂ ਉਮੀਦ ਕੀਤੀ ਜਾਂਦੀ ਹੈ। ਹਰ ਮਨੁੱਖ ਲਈ ਜ਼ਿੰਦਗੀ ਦੇ ਅਰਥ ਉਸ ਦੀ ਸੂਝ-ਬੂਝ ਤੇ ਜੀਵਨ ਪ੍ਰਤੀ ਨਜ਼ਰੀਏ ਅਨੁਸਾਰ ਵੱਖਰੇ ਵੱਖਰੇ ਹੋ ਸਕਦੇ ਹਨ। ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਜੂਝਦਾ ਸਾਧਾਰਨ ਮਨੁੱਖ ਰੋਜ਼ੀ-ਰੋਟੀ ਤੇ ਲੋੜਾਂ ਥੁੜਾਂ ਦੇ ਭੰਵਰ ਵਿੱਚ ਭਟਕਦਾ ਜੀਵਨ ਦੇ ਬਿਖੜੇ ਪੈਂਡਿਆਂ ਤੇ ਤੁਰਿਆ ਰਹਿੰਦਾ ਹੈ। ਇਸ ਅਜੀਬ ਜਿਹੀ ਭਟਕਣਾ ਵਿੱਚੋਂ ਬਾਹਰ ਨਿਕਲ ਕੇ ਕਿਸੇ ਹੋਰ ਗੱਲ ਵੱਲ ਝਾਕਣ ਦੀ ਉਸ ਨੂੰ ਨਾ ਸੋਝੀ ਹੁੰਦੀ ਹੈ ਤੇ ਨਾ ਹੀ ਵਿਹਲ। ਆਰਥਿਕ ਤੌਰ 'ਤੇ ਖੁਸ਼ਹਾਲ ਇਨਸਾਨਾਂ ਦੀ ਮਾਨਸਿਕਤਾ ਬਿਲਕੁਲ ਹੀ ਵੱਖਰੀ ਹੁੰਦੀ ਹੈ। ਉਨ੍ਹਾਂ ਦਾ ਸਮਾਂ ਬਹੁਤ ਕੀਮਤੀ ਹੁੰਦਾ ਹੈ ਤੇ ਕਾਰੋਬਾਰੀ ਰੁਝੇਵਿਆਂ ਵਿੱਚ ਰਾਤ-ਦਿਨ ਭਟਕਦੇ ਰਹਿਣ ਕਾਰਨ ਜ਼ਿੰਦਗੀ ਦੀਆਂ ਛੋਟੀਆਂ ਗੱਲਾ ਵੱਲ ਉਨ੍ਹਾਂ ਦਾ ਧਿਆਨ ਹੀ ਨਹੀਂ ਜਾਂਦਾ। ਜੇ ਮਨੁੱਖ ਆਪਣੇ ਰੁਝੇਵਿਆਂ ਤੋਂ ਬਾਹਰ ਨਿਕਲ ਕੇ ਝਾਕੇ ਤਾਂ ਮੁਫਤ ਵਿੱਚ ਹੀ ਜੀਵਨ ਦੀਆ ਨਿੱਕੀਆਂ ਨਿੱਕੀਆ ਖੁਸ਼ੀਆਂ ਮਾਣੀਆ ਜਾ ਸਕਦੀਆਂ ਹਨ। ਜਿਉਂ ਜਿਉਂ ਸਮਾਂ ਬਦਲ ਰਿਹਾ ਹੈ ਤਿਉਂ ਤਿਉਂ ਅਜੋਕਾ ਮਨੁੱਖ ਅੰਤਰਮੁਖੀ ਹੋਈ ਜਾ ਰਿਹਾ ਹੈ। ਇਸ ਕਾਰਨ ਹੀ ਸਮਾਜ ਵਿੱਚ ਭਾਈਚਾਰਕ ਸਾਂਝ ਪੇਤਲੀ ਪੈ ਰਹੀ ਹੈ। ਹਉਮੈ ਤੇ ਸਵਾਰਥ ਭਾਰੂ ਹੋਣ ਨਾਲ ਮਨੁੱਖ ਵਿੱਚ ਦੂਜਿਆਂ ਦੇ ਕੰਮ ਆਉਣ ਦੀ ਭਾਵਨਾ ਘਟਦੀ ਜਾ ਰਹੀ ਹੈ ਜਿਸ ਧਰਤੀ ਤੇ ਅਸੀਂ ਵਿਚਰਦੇ ਹਾਂ, ਉਹ ਸਾਡੀ ਪਾਲਣਹਾਰ ਹੈ। ਜੀਵਨ ਦੇ ਅਨੇਕਾਂ ਸੁੱਖ ਸਾਨੂੰ ਇੱਥੋਂ ਪ੍ਰਾਪਤ ਹੁੰਦੇ ਹਨ। ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਇਸ ਧਰਤੀ ਦੇ ਸਾਊ ਪੁੱਤਰ ਬਣ ਕੇ ਇਸ ਦਾ ਕੁਝ ਕਰਜ਼ ਲਾਹੀਏ। ਇਸ ਦਾ ਲਾਭ ਧਰਤੀ 'ਤੇ ਵਸਣ ਵਾਲਿਆਂ ਨੂੰ ਹੀ ਹੋਣਾ ਹੈ। ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ ਜਿਸ ਨਾਲ ਮਨੁੱਖੀ ਜੀਵਨ ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਹਰ ਇੱਕ ਨੇ ਰਹਿਣਾ ਤਾਂ ਇਸ ਧਰਤੀ ਉੱਤੇ ਹੀ ਹੈ।

ਕੁਝ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਤੇ ਕੋਈ ਪੈਸਾ ਖਰਚ ਨਹੀਂ ਹੁੰਦਾ, ਬਸ ਉਹ ਥੋੜ੍ਹਾ ਜਿਹਾ ਸਾਡਾ ਧਿਆਨ ਮੰਗਦੀਆਂ ਹਨ। ਸਫਾਈ ਹਰ ਇੱਕ ਨੂੰ ਚੰਗੀ ਲੱਗਦੀ ਹੈ, ਪਰ ਕੀ ਇਕੱਲੇ ਘਰ ਦੀ ਸਫਾਈ ਹੀ ਜ਼ਰੂਰੀ ਹੈ। ਜੇ ਹਰ ਕੋਈ ਘਰ ਦਾ ਕੂੜਾ ਬਾਹਰ ਗਲੀ ਦੇ ਕਿਸੇ ਕੋਨੇ 'ਤੇ ਸੁੱਟੀ ਜਾਵੇ ਤੇ ਸਮਝ ਲਏ ਕਿ ਘਰ ਸਾਫ ਹੋ ਗਿਆ ਹੈ ਤਾਂ ਇਹ ਉਸ ਦੀ ਭੁੱਲ ਹੋਵੇਗੀ। ਸਾਡੇ ਪਿੰਡਾਂ, ਸ਼ਹਿਰਾਂ, ਮੁਹੱਲਿਆਂ ਵਿੱਚ ਲੱਗੇ ਗੰਦਗੀ ਦੇ ਢੇਰ ਸਾਡੀ ਇਸੇ ਮਾਨਸਿਕਤਾ ਦਾ ਹੀ ਸਬੂਤ ਹਨ। ਅਜਿਹੀ ਸਥਿਤੀ ਵਿੱਚ ਜਿੰਨੇ ਮਰਜ਼ੀ ਸਵੱਛ ਅਭਿਆਨ ਚਲਾ ਲਏ ਜਾਣ, ਕੋਈ ਲਾਭ ਨਹੀਂ ਹੋਣ ਲੱਗਾ।

ਪਾਣੀ ਰੂਪੀ ਅੰਮ੍ਰਿਤ ਮਨੁੱਖ ਦੀ ਬਹੁਤ ਵੱਡੀ ਲੋੜ ਹੈ। ਇਸ ਦੇ ਬਾਵਜੂਦ ਸਾਨੂੰ ਪਾਣੀ ਦੀ ਕੀਮਤ ਦਾ ਅਹਿਸਾਸ ਨਹੀਂ ਹੈ। ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ। ਪਾਣੀ ਦੀ ਫਜ਼ੂਲ ਤੇ ਬੇਲੋੜੀ ਵਰਤੋਂ ਨੂੰ ਰੋਕਣਾ ਹਰ ਵਿਅਕਤੀ ਦਾ ਫਰਜ਼ ਹੈ। ਅਕਸਰ ਹੀ ਅਸੀਂ ਦੇਖਦੇ ਹਾਂ ਕਿ ਇੱਕ ਦੂਜੇ ਨਾਲ ਗੱਲ ਕਰਦੇ ਸਮੇਂ ਬਹੁਗਿਣਤੀ ਗਾਲ ਦਾ ਪ੍ਰਯੋਗ ਕਰਦੀ ਹੈ। ਘਰ ਪਰਿਵਾਰ ਵਿੱਚ ਵਿਚਰਦਿਆਂ ਬੱਚਿਆਂ ਤੇ ਔਰਤਾਂ ਸਾਹਮਣੇ ਵੀ ਆਪਣੀ ਹਉਮੈ ਨੂੰ ਪੱਠੇ ਪਾਉਂਦਿਆਂ ਮਲੀਨ ਭਾਸ਼ਾ ਬੋਲੀ ਜਾਂਦੀ ਹੈ। ਕਈ ਵਾਰ ਛੋਟੇ ਬੱਚੇ ਵੀ ਵੱਡਿਆਂ ਵੱਲ ਦੇਖ ਕੇ ਅਜਿਹੀ ਅਸੱਭਿਅਕ ਭਾਸ਼ਾ ਸਿੱਖ ਜਾਂਦੇ ਹਨ। ਇਸ ਤਰ੍ਹਾਂ ਹੌਲੀ ਹੌਲੀ ਇਹ ਉਨ੍ਹਾਂ ਦੇ ਸੁਭਾਓ ਦਾ ਹਿੱਸਾ ਬਣ ਜਾਂਦਾ ਹੈ। ਗੰਦੀ ਭਾਸ਼ਾ ਬੋਲਦਿਆਂ ਮਨੁੱਖ ਦੀ ਸਰੀਰਿਕ ਤੇ ਮਾਨਸਿਕ ਸਥਿਤੀ ਵਿੱਚ ਤਣਾਅ ਪੈਦਾ ਹੋਣ ਨਾਲ ਕਈ ਵਿਗਾੜ ਪੈਦਾ ਹੁੰਦੇ ਹਨ, ਜਦੋਂ ਕਿ ਮਿੱਠੀ ਤੇ ਸੱਭਿਅਕ ਭਾਸ਼ਾ ਬੋਲਦਿਆਂ ਕੋਈ ਜ਼ੋਰ ਨਹੀਂ ਲੱਗਦਾ ਤੇ ਮਨੁੱਖ ਸਹਿਜ ਰਹਿੰਦਾ ਹੈ।

ਵਿਆਹ ਸ਼ਾਦੀਆਂ ਤੇ ਹੋਰ ਸਮਾਗਮਾਂ ਸਮੇਂ ਬਹੁਤ ਸਾਰਾ ਭੋਜਨ ਮਨੁੱਖੀ ਅਣਗਹਿਲੀ ਤੇ ਬੇਸਮਝੀ ਕਾਰਨ ਬਰਬਾਦ ਕਰ ਦਿੱਤਾ ਜਾਂਦਾ ਹੈ। ਇੱਕ ਪਾਸੇ ਜਿਉਂਦੇ ਰਹਿਣ ਲਈ ਰੁੱਖੀ-ਸੁੱਖੀ ਰੋਟੀ ਵੀ ਉਪਲੱਬਧ ਨਹੀਂ ਹੈ, ਦੂਜੇ ਪਾਸੇ ਭੋਜਨ ਦੀਆਂ ਅਨੇਕਾਂ ਵੰਨਗੀਆਂ ਹੋਣ ਕਾਰਨ ਖਾਣ ਵਾਲਾ ਸੁਆਦ ਲੈਂਦਾ ਲੈਂਦਾ ਹੀ ਬਹੁਤ ਸਾਰਾ ਭੋਜਨ ਬਰਬਾਦ ਕਰ ਦਿੰਦਾ ਹੈ। ਆਪਣੀ ਸੋਚ ਬਦਲ ਕੇ ਇਸ ਨੁਕਸਾਨ ਨੂੰ ਰੋਕਿਆ ਜਾ ਸਕਦਾ ਹੈ।

ਵਾਤਾਵਰਨ ਵਿੱਚ ਪੈਦਾ ਹੋ ਰਹੇ ਵਿਗਾੜ ਮਨੁੱਖੀ ਸਿਹਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ। ਜੇ ਇਹੀ ਸਥਿਤੀ ਰਹੀ ਤਾਂ ਪਲੀਤ ਵਾਤਾਵਰਨ ਆਉਣ ਵਾਲੇ ਸਮੇਂ ਵਿੱਚ ਮਨੁੱਖ ਲਈ ਗੰਭੀਰ ਸੰਕਟ ਪੈਦਾ ਕਰ ਸਕਦਾ ਹੈ। ਪ੍ਰਦੂਸ਼ਣ ਨੂੰ ਰੋਕਣਾ ਹਰ ਵਿਅਕਤੀ ਦੀ ਜ਼ਿੰਮੇਵਾਰੀ ਹੈ। ਹਰਿਆ ਭਰਿਆ ਚੌਗਿਰਦਾ ਸਰੀਰਿਕ ਤੇ ਮਾਨਸਿਕ ਤੌਰ 'ਤੇ ਨਰੋਏ ਜੀਵਨ ਲਈ ਹਰ ਇੱਕ ਦੀ ਲੋੜ ਹੈ। ਇਸ ਪੱਖੋਂ ਅਸੀਂ ਬਹੁਤ ਅਵੇਸਲੇ ਹਾਂ। ਜੇ ਸਾਹ ਲੈਣ ਲਈ ਸਵੱਛ ਹਵਾ ਹੀ ਨਾ ਹੋਈ ਤਾਂ ਅੰਨ੍ਹੇਵਾਹ ਕੀਤੇ ਜਾ ਰਹੇ ਵਿਕਾਸ ਦਾ ਕੀ ਅਰਥ ਰਹਿ ਜਾਂਦਾ ਹੈ? ਇਹ ਗੱਲਾਂ ਹਰ ਇੱਕ ਦੀ ਸੋਚ ਦਾ ਹਿੱਸਾ ਬਣਨੀਆਂ ਚਾਹੀਦੀਆਂ ਹਨ। ਜ਼ਿੰਦਗੀ ਬਹੁਤ ਕੀਮਤੀ ਹੈ।

ਇਸ ਨੂੰ ਹੋਰ ਸੁਹਾਵਣਾ ਬਣਾਉਣ ਲਈ ਨਿੱਕੀਆਂ ਨਿੱਕੀਆਂ ਗੱਲਾਂ ਵੀ ਵੱਡੇ ਅਰਥ ਸਮੋਈ ਬੈਠੀਆਂ ਹਨ। ਇਨ੍ਹਾਂ ਗੱਲਾਂ 'ਤੇ ਕੋਈ ਖਰਚ ਨਹੀਂ ਆਉਂਦਾ, ਬਸ ਆਪਣੀ ਸੋਚ ਦਾ ਹਿੱਸਾ ਬਣਾ ਕੇ ਹਰ ਕੋਈ ਸਮਾਜ ਲਈ ਆਪਣਾ ਯੋਗਦਾਨ ਪਾ ਸਕਦਾ ਹੈ।

*ਪਿੰਡ ਖਰਲ ਕਲਾਂ ਜ਼ਿਲ੍ਹਾ ਜਲੰਧਰ



550-ਸਾਲਾ ਪ੍ਰਗਟ 'ਤੇ ਵਿਸ਼ੇਸ਼

## ਹੇ ਪ੍ਰਗਟ ਨਾਨਕ

ਜਸਵੰਤ ਸਿੰਘ ਜਗੈਤ
ਕੈਲੇਗਰੀ (ਕੈਨੇਡਾ)

ਅੱਜ ਮੁੜ ਜਗਤ'ਚ ਛਾਇਆ ਧੁੰਦੂਕਾਰਾ ਦੇਖਾਂ
ਹੇ ਪ੍ਰਗਟ ਨਾਨਕ ! ਤੈਨੂੰ ਦੋਬਾਰਾ ਦੇਖਾਂ।
ਘਮੰਡ ਪਾਖੰਡ ਕੂੜ ਫਰੇਬ ਨਿਖੁੱਟਣ ਦੇ ਲਈ,
ਮੁੜ ਧਰਤੀ 'ਤੇ ਆ ਤੇਰਾ ਸਹਾਰਾ ਦੇਖਾਂ।
ਸਭ ਪਾਸੇ ਝੂਠੇ ਲੋਕੀਂ ਮੁਰਦਾਰ ਪਏ ਛਕਣ,
ਤੇਰਾ ਉਪਦੇਸ਼ ਸੱਚ ਦਾ ਵਿਸਾਰਾ ਦੇਖਾਂ।
ਰਾਖਸ਼ ਠਗ ਵਰਗੇ ਤੂੰ ਸਿੱਧੇ ਰਾਹ ਪਾਏ,
ਮੁੜ ਕੇ ਆ, ਲਾ ਸੋਧਾ ਹੋਇਆ ਪਸਾਰਾ ਦੇਖਾਂ।
ਜਾਤ ਧਰਮ ਨਾਲ ਨਾ ਤੂੰ ਛੋਟਾ ਵੱਡਾ ਡਿੱਠਾ,
ਪਰ ਅਸਰ ਇਨ੍ਹਾਂ ਅਮਲਾਂ ਦੇ ਮੈਂ ਬਹੁਭਾਰਾ ਦੇਖਾਂ।
ਨਾਰੀ ਨੂੰ ਵੀ ਮੰਦਾ ਬੋਲਣ ਤੋਂ ਵਰਜਿਆ ਸੀ,
ਫੇਰ ਭਰੂਣ'ਚ ਇਹ ਮਰਦੀ ਹੈ ਯਾਰਾ ਦੇਖਾਂ।
ਨਿਰਧਨਾ ਤੇ ਅਨਾਥਾਂ ਦਾ ਸੀ ਤੂੰ ਸੰਗੀ ਨਾਨਕ,
ਹੁਣ ਮਜ਼ਲੂਮ ਭਟਕਦੇ ਫਿਰਨ ਬੇਸਹਾਰਾ ਦੇਖਾਂ।
ਸਭ ਵਿਚ ਇੱਕੋ ਨੂਰ ਅਤੇ ਜੋਤ ਸਮਾਈ ਹੈ,
ਮਨ ਨੂੰ ਖੋਜੇ ਕੋਈ ਰੌਸ਼ਨ ਮਨਾਰਾ ਦੇਖਾਂ।
ਲੋਕਾਂ ਦੇ ਰੱਤ ਪੀਣੇ ਬਾਬਰ ਜਾਬਰ ਜਿਉਂਦੇ,
ਤੇਰਾ ਉਨ੍ਹਾਂ ਮਿਲੇ, ਨਾਨਕ ਉੱਤਰ ਕਰਾਰਾ ਦੇਖਾਂ।
ਕਿੱਧਰੇ ਮੱਸਿਆ 'ਚ ਹੀ ਪੁੰਨਿਆਂ ਦਾ ਚੰਦ ਚੜ੍ਹ ਜਾਵੇ,
ਤਾਂ 'ਜਗੈਤ' ਚਾਨਣ ਦਾ ਅਜਬ ਨਜ਼ਾਰਾ ਦੇਖਾਂ।

## ਪੰਜਾਬੀ ਸੈਣੀਆਂ ਦੀ ਚੜ੍ਹਤ

**ਭਿੰਨ ਭਿੰਨ ਗੈਰ-ਸੈਣੀ ਸਮਾਜ ਸੇਵੀ / ਸਮਾਜਿਕ/ ਰਾਜਨੀਤਿਕ ਸੰਸਥਾਵਾਂ/ ਸਭਾਵਾਂ/ ਸੰਗਠਨਾਂ ਦੇ ਮੁਖੀ ਸੈਣੀ ਵਿਅਕਤੀ-**



1. **ਸ਼੍ਰੀ ਤਰਸੇਮ ਸੈਣੀ**,# ਘੁੰਮਣ ਨਗਰ ਪਟਿਆਲਾ- ਪ੍ਰਧਾਨ, ਫੈਡਰੇਸ਼ਨ ਆਫ ਆਲ ਇੰਡੀਆ ਰਾਈਸ ਮਿਲਰਜ਼ ਐਸੋਸੀਏਸ਼ਨਜ਼ ਅਤੇ ਪ੍ਰਧਾਨ ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ।



2. **ਸ. ਮਹਿੰਦਰ ਸਿੰਘ ਪਰਵਾਨਾ** # ਹੁਸ਼ਿਆਰਪੁਰ- ਪ੍ਰਧਾਨ, ਪੰਜਾਬ ਸਟੇਟ ਪੈਨਸ਼ਨਰਜ਼ ਕਨਫਡਰੇਸ਼ਨਸ।



3. **ਦਵਿੰਦਰ ਸਿੰਘ ਜਟਾਣਾ** # ਗਿ. ਜ਼ੈ. ਸਿੰ. ਨਗਰ ਰੂਪਨਗਰ- ਪ੍ਰਧਾਨ, ਰੋਇੰਗ ਐਸੋਸੀਏਸ਼ਨ ਰੂਪਨਗਰ ਅਤੇ ਪ੍ਰਧਾਨ, ਸੰਤ ਸ਼ਾਦੀ ਸਿੰਘ ਮੈਮੋਰੀਅਲ ਹਾਕੀ ਅਕੈਡਮੀ, ਰੂਪਨਗਰ



4. **ਸ. ਪਰਮਜੀਤ ਸਿੰਘ, ਲੱਖੇਵਾਲ** # ਪਿੰਡ ਲੱਖੇਵਾਲ, ਜ਼ਿਲ੍ਹਾ ਰੂਪਨਗਰ- ਪ੍ਰਧਾਨ, ਜ਼ਿਲ੍ਹਾ ਅਕਾਲੀ ਦਲ ਰੁਪਨਗਰ।



5. **ਐਡ. ਅਮਿੰਦਰਪ੍ਰੀਤ ਸਿੰਘ ਬਾਵਾ**,# ਮੀਰਾ ਬਾਈ ਚੌਕ ਰੂਪਨਗਰ- ਪ੍ਰਧਾਨ, ਜ਼ਿਲ੍ਹਾ ਬਾਰ ਐਸੋਸੀਏਸ਼ਨ ਰੂਪਨਗਰ।



6. **ਇੰਜ. ਕਰਨੈਲ ਸਿੰਘ**,# ਹਰਗੋਬਿੰਦ ਨਗਰ, ਰੂਪਨਗਰ- ਪ੍ਰਧਾਨ, ਸੀਨੀਅਰ ਸਿਟੀਜਨਜ਼ ਕੌਂਸਲ ਰੂਪਨਗਰ।



7. **ਸ. ਬੀ.ਐਸ.ਸੈਣੀ** # ਗਰਨਿ ਐਵੇਨਿਊ, ਰੂਪਨਗਰ- ਪ੍ਰਧਾਨ, ਜ਼ਿਲ੍ਹਾ ਪੈਨਸ਼ਨਰਜ਼ ਐਸੋਸੀਏਸ਼ਨ ਰੂਪਨਗਰ।



8. **ਸ਼੍ਰੀ ਰਾਜਿੰਦਰ ਸੈਣੀ** # ਗਿ.ਜ਼ੈ. ਸਿ. ਨਗਰ ਰੂਪਨਗਰ- ਪ੍ਰਧਾਨ, ਆਪਣਾ ਘਰ ( ਓਲਡ ਏਜ ਹੋਮ) ਰੂਪਨਗਰ।

ਇਹ ਸਾਰੇ ਸੱਜਣ ਆਪਣੀ ਮਿਹਨਤ, ਲਗਨ, ਇਮਾਨਦਾਰੀ ਅਤੇ ਲਿਆਕਤ ਨਾਲ ਅੱਗੇ ਆਏ ਹਨ। ਇਨ੍ਹਾਂ ਤੋਂ ਬਰਾਦਰੀ ਨੂੰ ਬਹੁਤ ਆਸਾਂ ਹਨ। ਸਾਰਿਆਂ ਨੂੰ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਵਧਾਈ।



## ਸਾਲਾਨਾ ਭਾਸ਼ਨ ਪ੍ਰਤਿਯੋਗਤਾ ਵਿੱਚ ਪਹਿਲੇ ਸਥਾਨਾਂ 'ਤੇ ਆਏ ਭਾਸ਼ਨ ਦੀਆਂ ਵੰਨਗੀਆਂ

ਡਾ. ਜਸਵੰਤ ਕੌਰ ਸੈਣੀ
ਰੂਪਨਗਰ

ਸੀਨੀਅਰ ਕੈਟੇਗਰੀ (ਅੰਗਰੇਜ਼ੀ)

**Subject-** Migration of youth to foreign countries- Necessity or Craze

**Speaker : Rauthan Sagar** , Shivalik Public School Rupnagar

With the advent of globalization our country has made its mark in the whole world. Many MNCs have opened their offices in our country and our Indian Industries are succeeding in achieving the milestones. Throughout the history, settlements that have thrived, they are the ones that have moved to greener pastures at the right time. Even our ancestors have also migrated from villages to cities. And today if we are provided with the connected nature then migrating from one country to another can be put almost on par with migrating from villages to cities.

Every parent wants that their children should choose that profession which would secure them a very bright future and in today's world bright future means settlement abroad. The causes for migration had always been poverty, lack of opportunities, academics and many more. But, today the scenario is different, the causes are different. From what I have heard that the most common reasons for migrating from India is not making more money or lack of opportunities, but a loss of faith in our own nation. Today India is crumbling under its own weight. There is just no room for the whole population to fit into handful of cities. Today the Indian Youth have lost the hope of situation improving. In my opinion, if you can't change the things for better in your nation then it doesn't matter in which country you are either: Australia, New Zealand or any.

Corruption, we see is the rampant in all forms of life that we face every day in our life right from the registration of our birth to obtaining a death certificate. Castism is still the most difficult topic to be touched in India. With the Independence it came the hope that our political leaders will not divide and rule but today they don't think of anything but their own requirements.

So, if the things are too bad in our country than why one should stay here? It has indeed become a necessity to migrate. But I ask from you people that can't we change the situation today, can't we change the mindset of youth today? I believe that nothing is impossible. The need is to make consistent efforts at various front to curb this practice. Today, India is one of the fastest growing colonies in the world. Tata motors might be as common as ford motors across the globe. Infosys might be as large as Microsoft.

The Indian industries established from now would be the global giants of this century. These are indeed the exciting times for India and we have just missed the bus to fortune and fame. So in the end, I would like to say that if you have decided to stay on in this country and keep rowing then don't forget that the sea is harsh. You will regularly bouts of sea sickness. But, if you have decided to abandon that Indian ship and swim for that glittering island then Good Luck! But do consider your option because that glittering island might just be a mirage!

### ਜੂਨੀਅਰ ਕੈਟੇਗਰੀ( ਪੰਜਾਬੀ)

ਵਿਸ਼ਾ- ਬਜ਼ੁਰਗਾਂ ਦਾ ਘਟਦਾ ਸਤਿਕਾਰ- ਕਾਰਨ ਅਤੇ ਹਲ।

ਵਕਤਾ-ਮਿਸ ਅਨੁਸ਼ਕਾ ਸ਼ਰਮਾ, ਸੇਂਟ ਕਾਰਮਲ ਸਕੂਲ ਕਟਲੀ(ਰੁਪਨਗਰ)

ਰਿਸ਼ਤਿਆਂ ਦੇ ਤਾਣੇ-ਬਾਣੇ ਵਿੱਚ ਉਲਝਿਆ ਅੱਜ ਦਾ

ਮਨੁੱਖ ਰਿਸ਼ਤਿਆਂ ਦੀ ਕਦਰ ਕਰਨਾ ਹੀ ਭੁੱਲ ਗਿਆ ਹੈ। ਸਮੇਂ ਦੀ ਦੌੜ ਨੇ ਉਸਨੂੰ ਪੂਰਨ ਰੂਪ ਵਿੱਚ ਸਵਾਰਥੀ ਬਣਾ ਦਿੱਤਾ ਹੈ। ਘਰ ਦਾ ਅਸਲੀ ਅਰਥ ਕੀ ਹੈ? ਘਰ ਕੋਈ ਇੱਟਾਂ ਜਾਂ ਵੱਟਿਆਂ ਨਾਲ ਉਸਾਰੀ ਕੋਈ ਇਮਾਰਤ ਨਹੀਂ ਬਲਕਿ ਸਾਡੇ ਮਾਪਿਆਂ ਦੀ ਸੱਧਰਾਂ ਨਾਲ ਬਣਾਈ ਹੋਈ ਇੱਕ ਨਿੱਘੀ ਗੋਦ ਹੈ। ਸਾਡੇ ਬਜ਼ੁਰਗ ਉਮਰ ਪੱਖੋਂ ਹੀ ਵਡੇਰੇ ਨਹੀਂ ਸਗੋਂ ਸਿਆਣੇ ਸੂਝਵਾਨ ਤੇ ਤਜ਼ਰਬੇਕਾਰ ਹੁੰਦੇ ਹਨ ਪਰ ਅੱਜ ਦੇ ਦੌਰ ਵਿੱਚ ਇਨ੍ਹਾਂ ਦੀ ਸਿਆਣਪ ਦਾ ਕੋਈ ਮੁੱਲ ਨਹੀਂ ਪੈ ਰਿਹਾ। ਭਾਵੇਂ ਕੋਈ ਨੌਜਵਾਨਾਂ ਨੂੰ ਲੱਖ ਵਾਰ ਇਹ ਗੱਲ ਸਮਝਾਉਂਦਾ ਰਹੇ ਕਿ 'ਔਲੇ ਦਾ ਖਾਧਾ, ਤੇ ਸਿਆਣੇ ਦਾ ਬੋਲਿਆ ਬਾਅਦ ਵਿੱਚ ਹੀ ਪਤਾ ਲਗਦਾ ਹੈ।'

ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਪਲ ਰਹੀ ਨੌਜਵਾਨ ਪੀੜ੍ਹੀ ਆਪ ਮੁਹਾਰੀ ਹੋ ਗਈ ਹੈ, ਇਸ ਲਈ ਉਸ ਦੀ ਸੋਚ ਵੀ ਵਿਅਕਤੀਗਤ ਹੋ ਗਈ ਹੈ। ਉਨ੍ਹਾਂ ਨੂੰ ਆਪਣੇ ਸੁੱਖ, ਅਰਾਮ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸੁਝਦਾ। ਉਨ੍ਹਾਂ ਤੋਂ ਬਜ਼ੁਰਗਾਂ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਹੁੰਦੀ। ਇਸ ਨੌਜਵਾਨ ਪੀੜ੍ਹੀ ਦਾ ਹਾਲ ਦੇਖੋ, ਇਹ ਆਪਣਾ ਜੀਵਨ ਪੱਧਰ ਉਚਾ ਚੁੱਕਣ ਲਈ ਬਜ਼ੁਰਗਾਂ ਤੋਂ ਦੂਰੀਆਂ ਬਣਾ ਕੇ ਅਲੱਗ ਰਹਿਣਾ ਪਸੰਦ ਕਰਦੇ ਹਨ। ਜਿਸ ਦੇ ਸਿੱਟੇ ਵਜੋਂ ਸਾਂਝੇ ਪਰਿਵਾਰ ਟੁੱਟਣੇ ਸ਼ੁਰੂ ਹੋ ਗਏ ਹਨ। ਇੱਥੋਂ ਹੀ ਬਜ਼ੁਰਗਾਂ ਦੀ ਹੱਸਦੀ-ਵੱਸਦੀ ਜ਼ਿੰਦਗੀ ਦਾ ਘਾਣ ਹੋਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਨੂੰ ਕਦੇ ਇੱਕ ਪੁੱਤਰ ਕੋਲ ਤੇ ਕਦੇ ਦੂਜੇ ਪੁੱਤਰ ਕੋਲ ਰਹਿਣਾ ਪੈਂਦਾ ਹੈ। ਕਦੇ ਨੂੰਹਾਂ ਦੇ ਕੜਵੇ ਬੋਲ ਸੁਣਨੇ ਪੈਂਦੇ ਹਨ, ਕਦੇ ਪੁੱਤਰਾਂ ਦੀ ਗੁਲਾਮੀ ਕਰਨੀ ਪੈਂਦੀ ਹੈ ਤੇ ਕਦੇ ਤਾਂ ਉਹ ਘਰ ਦੀ ਰਾਖੀ ਕਰਨ ਵਾਲੇ ਨੌਕਰ ਬਣ ਕੇ ਹੀ ਰਹਿ ਜਾਂਦੇ ਹਨ। ਕਿੰਨੇ ਦੁੱਖ ਦੀ ਗੱਲ ਹੈ ਕਿ ਜਿਨ੍ਹਾਂ ਪੋਤੇ-ਪੋਤੀਆਂ ਦੀਆਂ ਕਿਲਕਾਰੀਆਂ ਸੁਣਨ ਲਈ ਉਨ੍ਹਾਂ ਨੇ ਆਪਣੇ ਮਨ ਵਿੱਚ ਕਈ ਸੱਧਰਾਂ ਪਾਲੀਆਂ ਸਨ। ਅੱਜ ਉਨ੍ਹਾਂ ਨੂੰ ਉਹ ਮਨਮਰਜ਼ੀ ਨਾਲ ਪਿਆਰ ਨਹੀਂ ਕਰ ਸਕਦੇ। ਬਿਮਾਰੀ ਦੀ ਹਾਲਤ ਵਿੱਚ ਨੂੰਹਾਂ-ਪੁੱਤਰਾਂ ਨੇ ਸੇਵਾ ਤਾਂ ਕੀ ਕਰਨੀ, ਮਾਪਿਆਂ ਨੂੰ ਰੋਟੀ ਦੇਣ ਲੱਗਿਆਂ ਵੀ ਉਹ ਨੱਕ ਚੜ੍ਹਾਉਂਦੇ ਹਨ। ਬੇਕਦਰੀ ਦੀ ਹੱਦ ਇੱਥੋਂ ਤੱਕ ਹੀ ਨਹੀਂ। ਜ਼ਮੀਨਾਂ ਜ਼ਾਇਦਾਦਾਂ ਦੀ ਵੰਡ ਵੇਲੇ ਉਨ੍ਹਾਂ ਤੋਂ ਮਤਲਬ ਕੱਢ ਕੇ ਉਨ੍ਹਾਂ ਨੂੰ ਘਰੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਫੇਰ ਤੂੰ ਕੌਣ ਤੇ ਮੈਂ ਕੌਣ?

ਵਿਦੇਸ਼ਾਂ ਵਿੱਚ ਪੈਸਾ ਕਮਾਉਣ ਲਈ ਗਏ ਪੁੱਤਰ,ਉਥੋਂ ਦੇ ਹੀ ਪੱਕੇ ਵਸਨੀਕ ਬਣ ਜਾਂਦੇ ਹਨ ਤੇ ਕਈ ਵਾਰ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਉਡੀਕਦੇ-ਉਡੀਕਦੇ ਚੱਲ ਵੱਸਦੇ ਹਨ। ਜਿਨ੍ਹਾਂ ਮਾਪਿਆਂ ਨੇ ਸਾਨੂੰ ਇਸ ਦੁਨੀਆ ਵਿੱਚ ਲਿਆਂਦਾ ,ਪਾਲ ਪੋਸ ਕੇ ਵੱਡਾ ਕੀਤਾ, ਪੈਰਾਂ ਤੇ ਖੜ੍ਹੇ ਹੋਣ ਵਿੱਚ ਮਦਦ ਕੀਤੀ। ਉਨ੍ਹਾਂ ਦੀ ਏਨੀ ਬੇਕਦਰੀ ਕਿਉਂ? ਅੱਜ ਜਦੋਂ ਉਨ੍ਹਾਂ ਵੱਲੋਂ ਬਚਪਨ ਵਿੱਚ ਕੀਤੀਆਂ ਮਾਲਸ਼ਾਂ ਤੇ ਪਰਵਰਿਸ਼ ਦਾ ਮੁੱਲ ਪਾਉਣ ਦੀ ਵਾਰੀ ਆਈ ਹੈ ਤਾਂ ਸਾਨੂੰ ਉਨ੍ਹਾਂ ਨੂੰ ਪੈਰ ਦਬਾਉਣੇ ,ਸੇਵਾ ਕਰਨੀ ਮਹਿੰਗੀ ਲੱਗ ਰਹੀ ਹੈ।

ਦੋਹਾਂ ਪੀੜ੍ਹੀਆਂ ਵਿੱਚ ਪੈ ਚੁੱਕੀ ਇਸ ਦੂਰੀ ਨੂੰ ਖਤਮ ਕਰਨ ਲਈ ਸਾਨੂੰ ਆਪਣੀ ਸੋਚ ਬਦਲਣੀ ਪਵੇਗੀ। ਉਨ੍ਹਾਂ ਦਾ ਮਾਣ - ਸਤਿਕਾਰ ਕਰਨ ਲਈ ਉਨ੍ਹਾਂ ਨਾਲ ਬੈਠ ਕੇ ਖਾਸ ਸਮਾਂ ਗੁਜ਼ਾਰਨਾ ਪਵੇਗਾ ਤਾਂ ਜੋ ਉਨ੍ਹਾਂ ਨੂੰ ਸਭ ਕੁਝ ਆਪਣਾ ਆਪਣਾ ਲੱਗੇ।

ਹੁਣ ਸਾਡੀ ਪੜ੍ਹੀ ਲਿਖੀ ਬਜ਼ੁਰਗ ਪੀੜ੍ਹੀ ਨੌਜਵਾਨਾਂ ਦੇ ਰੁਝੇਵਿਆਂ ਅਤੇ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝਣ ਲੱਗ ਪਈ ਹੈ ਅਤੇ ਉਨ੍ਹਾਂ ਨੇ ਸਵੈ ਨਿਰਭਰ ਹੋ ਕੇ ਜਿਉਣਾ ਵੀ ਸਿੱਖ ਲਿਆ ਹੈ। ਫੇਰ ਵੀ ਸਾਨੂੰ ਉਨ੍ਹਾਂ ਦੀਆਂ ਸੱਧਰਾਂ ਤੇ ਮਾਣ-ਸਤਿਕਾਰ ਦਾ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਵੱਲੋਂ ਕੀਤੇ ਫੈਸਲਿਆਂ ਨੂੰ ਪਹਿਲ ਦੇਣੀ ਚਾਹੀਦੀ ਹੈ। ਉਨ੍ਹਾਂ ਨਾਲ ਦੋਸਤਾਨਾ ਸੰਬੰਧ ਬਣਾ ਕੇ ਰੱਖਣੇ ਚਾਹੀਦੇ ਹਨ। ਘਰਾਂ ਵਿੱਚ ਆਪਸੀ ਤਾਲਮੇਲ ਮਜ਼ਬੂਤ ਬਣਾਓ ਤਾਂ ਜੋ ਉਹ ਬੁਢਾਪੇ ਨੂੰ ਬੋਝ ਨਾ ਸਮਝਣ ਸਗੋਂ ਰਹਿੰਦੀ ਜ਼ਿੰਦਗੀ ਨੂੰ ਸ਼ਾਹੀ ਠਾਠ ਨਾਲ ਬਤੀਤ ਕਰਨ ।

ਸੋ ਆਓ! ਆਪਣੇ ਬਜ਼ੁਰਗਾਂ ਦੇ ਜੀਵਨ ਵਿੱਚ ਝੁੱਲੀ ਬੇਵਕਤ ਅਪਮਾਨ ਦੀ ਹਨੇਰੀ ਨੂੰ ਝੁੱਲਣ ਤੋਂ ਰੋਕੀਏ। ਉਨ੍ਹਾਂ ਲਈ ਇੱਕ ਮਜ਼ਬੂਤ ਸਹਾਰਾ ਬਣੀਏ ਤੇ ਆਪਣੇ ਮਨ ਵਿੱਚ ਇਸ ਭਾਵਨਾ ਨੂੰ ਵਸਾ ਲਈਏ। ਤੀਰਥਾਂ ਤੇ ਜਾ ਕੇ ਹੱਡ ਸੁੱਚੇ ਨਹੀਂਓ ਹੋਣੇ, ਜੇ ਘਰ ਬੈਠੇ ਬਜ਼ੁਰਗ ਦੀਆਂ ਅੱਖਾਂ ਚ ਨੇ ਰੋਣੇ। ਆਓ ਬਜ਼ੁਰਗਾਂ ਦਾ ਏਨਾ ਮਾਣ ਵਧਾਈਏ ਅਤੇ ਜਿਉਂਦੇ ਜੀਅ ਘਰਾਂ ਨੂੰ ਸਵਰਗ ਬਣਾਈਏ।

* * * * *



## ਗਜ਼ਲ

**ਜਤਿੰਦਰ ਲਸਾੜਾ,**
ਵੈਨਕੂਵਰ(ਕੈਨੇਡਾ)

ਫਿਰ ਉਦਾਸੇ ਦਿਲ ਨੂੰ ਗੱਲਾਂ 'ਚ ਲਾਇਆ ਦੇਰ ਤਕ,
ਫੇਰ ਅੱਜ ਨੈਣਾ ਨੂੰ ਮੈਂ ਧੁੱਪੇ ਸੁਕਾਇਆ ਦੇਰ ਤਕ।
ਫੇਰ ਅੱਜ ਤਨਹਾਈਆਂ ਦਾ ਕਾਰਵਾਂ ਚੱਲਦਾ ਰਿਹਾ,
ਸੁੰਨੀਆਂ ਪੈੜਾਂ ਨੇ ਏਦਾਂ ਕਹਿਰ ਢਾਇਆ ਦੇਰ ਤਕ।
ਸੁਰਮਈ ਰਾਤਾਂ 'ਚ ਕੋਈ ਦੇਰ ਤਕ ਧੁਖਦਾ ਰਿਹਾ,
ਗਮ ਦੀਆਂ ਚਿੰਗਾੜੀਆਂ ਨੇ ਲਾਂਬੂ ਲਾਇਆ ਦੇਰ ਤਕ।
ਹੋ ਗਿਆ ਨੈਣਾਂ ਤੋਂ ਓਝਲ ਪਲ ਦੋ ਪਲ ਦਾ ਹਮਸਫਰ,
ਉਸ ਦੀਆਂ ਯਾਦਾਂ ਨੇ ਫਿਰ ਮੈਨੂੰ ਸਤਾਇਆ ਦੇਰ ਤਕ।
ਚਲ 'ਲਸਾੜੇ' ਫਿਰ ਬਦਨ ਤੋਂ ਝਾੜੀਏ ਲਾਰਿਆਂ ਦੀ ਧੂੜ,
ਜ਼ਿੰਦਗੀ ਦੀ ਕਸ਼ਮਕਸ਼ ਨੇ ਘੌਰੂ ਪਾਇਆ ਦੇਰ ਤਕ।




## Donors of Casual Scholarships for the Year 2018-19

1. **S. Baldev Singh Chamak**, # 35, Astha Enclave, Mohali = 12000 /
2. **Er. Rajwinder Singh** (U.K) S/O Dr. Ajmer Singh, # Guru Nagar Rupnagar = 10000/
3. **S. Navtej Singh** (U.S.A.) S/O S. Balbir Singh Saini,# Harman Niwas,Rupnagar = 10000/
4. **S. Tekpal Singh** S/O Late Pritam Singh Lamberdar # Faridabad= 10000/
5. **S. Gursharan Singh** # Gobind Valley, Rupnagar = 6000/
6. **S. Amrik Singh** (Rtd. Xen) # Ranjit Avenue, Rupnagar = 6000/
7. **S. Rajinder Singh** Nanua, # Ranjit Avenue, Rupnagar = 6000/
8. **Adv. Aminderpreet Singh Bawa,** Rupnagar = 5000/
9. **Sqd. Leader Manjit Singh Pabla** # V. Raipur, Teh. Chamkaur Sahib = 5000/
10. **S. Hardip Singh,** Manager Saini Bhawan Rupnagar= 5000/
11. **Mrs. Kirpal Kaur** W/O Late Capt. C.D. Saini, # Sun City, Rupnagar = 5000/
12. **S. Jiwan Singh** S/O Late Fr.Fighter Rattan Singh # V.Sahoran, Distt. Mohali = 5000/
13. **Sh.Amit Saini** S/O Sh. Rajinder Saini, GZS Nagar Rupnagar = 5000/
14. **S. Satnam Singh Satti** Press Reporter # Ranjit Avenue Rupnagar = 5000/
15. **S. Avtar Singh Longia** # GZS Nagar, Rupnagar = 2500/
16. **S. Jagir Singh** Rtd S.I.(Pb.Police)# GZS Nagar Rupnagar = 2500/

Saini Charitable Education Trust Rupnagar is thankful to these generous persons..

Compiled by:
**Amarjit Singh**



## NEW FIVE YEAR MEMBERS OF "SAINI SANSAR"

Continued from page 18 of 31st Issue

761. **Kuldeep Singh,** **Rs.** 2100
#59,Ranjit Aenue,Ropar

762. **Baljit Singh,**
Vill.Lohgarh Fiddey,Distt.Ropar.

763. **Swarnjeet Singh,**
#74, Malhotra Colony,Ropar

764. **Narinder Singh Saini,**
Rajni Harbal,Malik Pur,Disrr. ropar

765. **Mohan Singh,**
Vill.Paprala,PO.Distt.Ropar

766. **Sukhdev Singh ASI,**
Vill.SukhramPur,Ropar

767. **Smt.Manjeet Kaur,**
Jat Patti,Vill.Ghanula,PO.
Ghanauli,Distt.Ropar

768. **Tera Singh ,**
Vill.Badarpur, Teh.Garhsankar,
Distt.S.B.S Nagar

769. **Surjit Aingh,**
Bhinder Nagar,Ropar

770. **Nirmal Singh,**
VPO. Bela,Teh.Chamkaur Sahib,
Distt.Ropar

771. **ER.Gurmukh Singh(Retd. S.D.O)**
Jujhar Singh Nagar,Ropar,

772. **Manjeet Singh Saini,**
Ram Bagh,Collage Road,Ropar

773. **Amrik Singh Hamraz,**
Vil.Bagwain, P. O.Bagwain,
Teh.Garhshankar

774. **Smt.Harjeet Kaur,**
52,GZS Nagar,Ropar,

Compiled by:
**Ajmer Singh Dhamrait**

A Scientific View

## Sunny Side of Brain - Drain

Adv.Baldev Singh Mundra
Mubai



We have been hearing for more than fifty years about the Brain Drain from our country and its harm to our nation, that requires its control in the overall interest of our nation. Brain Drain is the process when an Indian Citizen attains an Engineering Degree, MBBS, LLB, or any professional graduation in India and the depart to a foreign country for higher studies or for job and then never return. Thus depriving their country of birth the benefit of their talent or expertise .This depletion of intelligentsia from our country is viewed as highly disastrous for the overall development of the nation and it is a matter of concern.

Before Independence only children of very rich people could afford higher/advanced education in UK, USA and other foreign countries. They had spent their own money hence no one bothered weather they return to India or not. But after Independence (1947) many other doors were opened for the bright/meritorious not financially well-to-do students as there were many scholarships and other financial educational assistance available from UNESCO, Common Wealth countries etc. These persons were considered to be going for upgrading their intelgntia for the development of our and were eagerly awaited. This mindset of common Indian disappointed them when the people did not return after attainment of their higher qualification in their chosen field of studies. Indian society would like that the individual must do his duty to his mother land. The logic is obvious that the land where the person is groomed to make him/her fit to attain capability and spent money and resources should not be deprived of its utility when it is ripe. The fruit should be available to land where plant has grown. Government also needs foreign exchange so they are serving the country as well.

It is natural that everyone wants to progress,this is desirable from societal angle also that self-development of individual leads to the development of his/her family and along with its surrounding and the community as well. For self-development the individual may travel out of country and no one should create any hindrance in his/her and development. The problem is that when a person with superior qualification and new expertise lands in India he does not get his expected placement/job due to bureaucratic problems . That is why people choose to stay back and work there only.



We should know that by staying out of country- they are not a burden on employment, they send foreign exchange that is essentially an important requirement of our country, their hard work in the new country create a good-will for other Indians that may subsequently go there, they spread Indian culture there and send new ideas to our country and many other advantages Some real examples may be mentioned based upon my personal interaction with my batch mates. Our batch mate Dr Nanak Bhagia remained in Libya till 1982 as adviser to Colonel Gaddafi Ex Libyan President. This helped our country to have cooperation in oil exploration with Libya. ONGC is now operating there. Another batch mate Mr J .K.Tuli, is busy in Washington to create friendly environment between USA &INDIA for the overall benefit of both the countries. Thus irrespective of their location they are always and genuinely concerned about the welfare of the country of their birth and are discharging their moral duty decently.

My perception of Brain drain is different, for me it is just a change of place and relocation to a remote place however it is available as and when required. We should view the positive side of Brain Drain and let the meritorious, deserving and hardworking people flourish in whatever way and wherever they want to work. The community will automatically gain in the long run.



## ਨੋਬੇਲ ਪੁਰਸਕਾਰ ਜੇਤੂ ਪੰਜਾਬੀ ਭੌਤਿਕ ਵਿਗਿਆਨੀ- ਡਾ. ਅਬਦੁਸ ਸਲਾਮ

ਗੁਰਮੁਖ ਸਿੰਘ ਲੌਂਗੀਆ
ਰੂਪਨਗਰ

ਭਾਰਤ ਦੀ ਆਜ਼ਾਦੀ ਲਈ ਸਭ ਤੋਂ ਵੱਧ ਮੁੱਲ ਪੰਜਾਬੀਆਂ ਨੂੰ ਚੁਕਾਉਣਾ ਪਿਆ। ਦੇਸ਼ ਦੀ ਵੰਡ ਨਾਲ ਪੰਜਾਬੀ ਦੋ ਹਿੱਸਿਆਂ ਵਿੱਚ ਵੰਡੇ ਗਏ- ਪੂਰਬੀ(ਭਾਰਤੀ) ਪੰਜਾਬੀ ਅਤੇ ਪੱਛਮੀ(ਪਾਕਿਸਤਾਨੀ) ਪੰਜਾਬੀ। ਇਸ ਦੇ ਬਾਵਜੂਦ ਇਨ੍ਹਾਂ ਦੋਵਾਂ ਭਾਗਾਂ ਦੇ ਪੰਜਾਬੀ ਆਪਣੇ ਆਪ ਨੂੰ ਕੇਵਲ ਪੰਜਾਬੀ ਕਹਾਉਣਾ ਵੱਧ ਪਸੰਦ ਕਰਦੇ ਹਨ। ਅਜਿਹਾ ਹੀ ਇੱਕ ਪੰਜਾਬੀ ਹੈ ਅਬਦੁਸ ਸਲਾਮ। ਉੱਚਕੋਟੀ ਦੀ ਲਿਆਕਤ, ਨਿਮਰਤਾ ਤੇ ਸਹਿਜਤਾ ਦੀ ਮੂਰਤ ਇਹ ਭੌਤਿਕ ਵਿਗਿਆਨੀ ਨੋਬੇਲ ਪੁਰਸਕਾਰ ਨਾਲ ਨਿਵਾਜੇ ਗਏ।

ਡਾਕਟਰ ਸਲਾਮ ਦਾ ਜਨਮ 29 ਜਨਵਰੀ 1926 ਨੂੰ ਅਣਵੰਡੇ ਪੰਜਾਬ ਦੇ ਨਗਰ ਝੰਗ ( ਹੁਣ ਪਾਕਿਸਤਾਨ) ਵਿੱਚ ਹੋਇਆ । ਉਨ੍ਹਾਂ ਦੇ ਪਿਤਾ ਜ਼ਿਲ੍ਹੇ ਦੇ ਸਿੱਖਿਆ ਵਿਭਾਗ ਵਿੱਚ ਅਧਿਕਾਰੀ ਸਨ। ਚੌਦਾਂ ਸਾਲ ਦੀ ਉਮਰ ਵਿੱਚ ਦਸਵੀਂ ਜਮਾਤ ਦੀ ਪ੍ਰੀਖਿਆ ਸਮੇਂ ਅਬਦੁਸ ਸਲਾਮ ਦੀ ਤੀਖਣ ਬੁੱਧੀ ਦਾ ਪ੍ਰਗਟਾਵਾ ਹੋਇਆ। ਜਿਸ ਦਿਨ ਇਮਤਿਹਾਨ ਦਾ ਨਤੀਜਾ ਆਉਣਾ ਸੀ, ਉਸ ਦਿਨ ਉਹ ਝੰਗ ਮਘਿਆਣੇ ਮੇਲਾ ਵੇਖਣ ਗਏ ਸੀ ਅਤੇ ਇੱਥੇ ਹੀ ਹੀਰ ਦੀ ਕਬਰ ਹੈ। ਜਦੋਂ ਸ਼ਾਮ ਨੂੰ ਦੇਰ ਨਾਲ ਵਾਪਸੀ ਹੋਈ ਤਾਂ ਬਾਜ਼ਾਰ ਅਜੇ ਖੁੱਲ੍ਹੇ ਸਨ। ਇੱਕ ਦੁਕਾਨ ਨੂੰ ਉਨ੍ਹਾਂ ਨੇ ਬਾਜ਼ਾਰ ਬੰਦ ਨਾ ਹੋਣ ਦਾ ਕਾਰਨ ਪੁੱਛਿਆ। ਉਸ ਨੇ ਦੱਸਿਆ ਕਿ ਝੰਗ ਦਾ ਅਬਦੁਸ ਸਲਾਮ, ਪੰਜਾਬ ਯੂਨੀਵਰਸਿਟੀ ਵਿੱਚੋਂ ਦਸਵੀਂ ਦੇ ਇਮਤਿਹਾਨ ਵਿੱਚ ਅੱਵਲ ਆਇਆ ਹੈ। ਉਸ ਸਮੇਂ ਪੰਜਾਬ ਯੂਨੀਵਰਸਿਟੀ ਦੇ ਘੇਰੇ ਵਿੱਚ ਅਜੋਕਾ ਸਾਰਾ ਪੰਜਾਬ, ਪੱਛਮੀ ਪੰਜਾਬ, ਹਰਿਆਣਾ ਤੇ ਹਿਮਾਚਲ ਸ਼ਾਮਲ ਸਨ। ਅਗਲੇ ਦਿਨ ਅਬਦੁਸ ਸਲਾਮ ਦੇ ਪਿਤਾ ਆਪਣੇ ਬੇਟੇ ਨੂੰ ਡਿਪਟੀ ਕਮਿਸ਼ਨਰ ਸ.ਇਕਬਾਲ ਸਿੰਘ ਕੋਲ ਲੈ ਕੇ ਗਏ ਜਿਨ੍ਹਾਂ ਨੇ ਉੱਠ ਕੇ ਸਲਾਮ ਨੂੰ ਜੱਫੀ ਵਿੱਚ ਲਿਆ ਤੇ ਇਨਾਮ ਵੀ ਦਿੱਤਾ।

ਅਬਦੁਸ ਸਲਾਮ ਨੇ ਐਫ.ਐਸ.ਸੀ. ਤੇ ਫਿਰ ਸੰਨ 1944 ਵਿੱਚ ਬੀ.ਏ. ਯੂਨੀਵਰਸਿਟੀ ਵਿੱਚੋਂ ਅੱਵਲ ਰਹਿ ਕੇ ਪਾਸ ਕੀਤੀ। ਸਲਾਮ ਦੀ ਪ੍ਰਬੀਨਤਾ ਭਾਵੇਂ ਉਰਦੂ ਤੇ ਅੰਗਰੇਜ਼ੀ ਸਾਹਿਤ ਵਿੱਚ ਸੀ ਪਰ ਐਮ.ਏ.ਗਣਿਤ ਦੇ ਵਿਸ਼ੇ ਵਿੱਚ ਕੀਤੀ ਤੇ ਉਹ ਵੀ ਛੇ ਸੌ ਵਿੱਚੋਂ ਛੇ ਸੌ ਅੰਕ ਪ੍ਰਾਪਤ ਕਰਕੇ ਤੇ ਇੱਕ ਵਾਰੀ ਫਿਰ ਸੋਨੇ ਦੇ ਤਗਮੇ 'ਤੇ ਆਪਣੇ ਨਾਂ ਦੀ ਮੋਹਰ ਲਾਈ। ਸੰਨ 1949 ਵਿੱਚ ਕੈਂਬਰਿਜ ਯੂਨੀਵਰਸਿਟੀ (ਇੰਗਲੈਂਡ) ਤੋਂ ਫਿਜ਼ਿਕਸ (ਭੌਤਿਕ ਵਿਗਿਆਨ) ਤੇ ਗਣਿਤ ਦੇ ਮਜ਼ਬੂਨਾ ਵਿੱਚ ਇਮਤਿਹਾਨ ਪਾਸ ਕੀਤਾ। ਸਿਰਫ 24 ਸਾਲ ਦੀ ਉਮਰ ਵਿੱਚ ਅਬਦੁਸ ਸਲਾਮ, ਭੌਤਿਕ ਵਿਗਿਆਨ ਦੇ ਵਿਸ਼ੇ ਦੀ ਉੱਚ ਪੱਧਰੀ ਖੋਜ ਦੇ ਸਿਲਸਿਲੇ ਵਿੱਚ ਸਮਿਥ ਸਕਾਲਰਸ਼ਿਪ ਨਾਲ ਸਨਮਾਨਿਤ ਹੋਏ। ਕੁਝ ਸਮਾਂ ਪਾਕਿਸਤਾਨ ਵਿੱਚ ਬਿਤਾਇਆ ਤੇ ਫਿਰ 1951 ਵਿੱਚ ਕੈਂਬਰਿਜ ਯੂਨੀਵਰਸਿਟੀ ਤੋਂ ਪਾਰਟੀਕਲ ਫਿਜ਼ਿਕਸ ਵਿੱਚ ਪੀ.ਐਚ.ਡੀ. ਕੀਤੀ। ਇਸ ਖੋਜ ਦੌਰਾਨ ਸਲਾਮ ਦੇ ਖੋਜ-ਗਾਈਡ ਨੇ ਉਸ ਨੂੰ ਇੱਕ ਅਜਿਹੀ ਵਿਗਿਆਨਕ ਉਲਝਣ ਇੱਕ ਸਾਲ ਦੇ ਅੰਦਰ ਅੰਦਰ ਸੁਲਝਾਉਣ ਦਾ ਚੈਲਿੰਜ ਦਿੱਤਾ ਜਿਸ ਨੇ ਡਿਰੈਕ ਅਤੇ ਫਿਨਮਨ ਜਿਹੇ ਪ੍ਰਸਿੱਧ ਭੌਤਿਕ ਵਿਗਿਆਨੀਆਂ ਨੂੰ ਵੀ ਉਲਝਾ ਰੱਖਿਆ ਸੀ। ਸਲਾਮ ਨੇ ਇਹ ਉਲਝਣ ਛੇ ਮਹੀਨਿਆਂ ਵਿੱਚ ਹੀ ਹਲ ਕਰ ਕੇ ਸਾਰੇ ਵਿਗਿਆਨੀਆਂ ਨੂੰ ਹੈਰਾਨ ਕਰ ਦਿੱਤਾ। ਇਸ ਨਾਲ ਅਬਦੁਸ ਸਲਾਮ ਕੌਮਾਂਤਰੀ ਪੱਧਰ ਉੱਤੇ ਉਭਰਦੇ ਵਿਗਿਆਨੀਆਂ ਵਿੱਚ ਸ਼ਾਮਲ ਹੋ ਗਏ।



ਆਪਣੇ ਵਤਨ ਪਰਤ ਕੇ ਅਗਲੇ ਤਿੰਨ ਸਾਲ ਭਾਵ 1954 ਤੱਕ ਡਾਕਟਰ ਸਲਾਮ ਸਰਕਾਰੀ ਕਾਲਜ ਲਾਹੌਰ ਵਿੱਚ ਗਣਿਤ ਵਿਭਾਗ ਦੇ ਮੁਖੀ ਰਹੇ ਪਰ ਉਨ੍ਹਾ ਦਾ ਅਸਲ ਮਨੋਰਥ ਇੱਕ ਖੋਜ ਵਿਭਾਗ ਦੀ ਸਥਾਪਨਾ ਕਰਨਾ ਸੀ ਜਿਹੜਾ ਪੂਰਾ ਨਾ ਹੋ ਸਕਿਆ। ਫਲਸਰੂਪ ਨਿਰਾਸ਼ ਹੋ ਕੇ ਉਨ੍ਹਾਂ ਨੇ ਪਾਕਿਸਤਾਨ ਵਿੱਚੋਂ ਬਾਹਰ ਜਾਣ ਦਾ ਇਰਾਦਾ ਬਣਾ ਲਿਆ। ਇੰਪੀਰੀਅਲ ਕਾਲਜ ਲੰਡਨ ਵਿੱਚ ਪ੍ਰੋਫੈਸਰ ਦਾ ਅਹੁਦਾ ਸੰਭਾਲਿਆ ਅਤੇ ਥੀਊਰੈਟੀਕਲ ਫਿਜ਼ਿਕਸ ਵਿਭਾਗ ਦੀ ਸਥਾਪਨਾ ਕੀਤੀ। ਉਸੇ ਸਾਲ ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ। 33 ਸਾਲ ਦੀ ਉਮਰ ਵਿੱਚ ਜਨਾਬ ਸਲਾਮ ਰਾਇਲ ਸੁਸਾਇਟੀ ਦੇ ਫੈਲੋ ਨਾਮਜ਼ਦ ਕੀਤੇ ਗਏ। ਇਹ ਆਪਣੇ ਆਪ ਵਿੱਚ ਮਾਣ ਵਾਲੀ ਗੱਲ ਸੀ

ਡਾਕਟਰ ਸਲਾਮ ਦੇ ਉੱਦਮ ਨਾਲ ਇੱਕ ਸੰਸਥਾ ਸਥਾਪਿਤ ਹੋਈ ਜਿਸ ਵਿੱਚ ਉਭਰਦੇ ਮੁਲਕਾਂ ਦੇ ਭੌਤਿਕ ਵਿਗਿਆਨੀ ,ਸਾਲ ਵਿੱਚ ਆਪਣੀਆਂ ਛੁੱਟੀਆਂ ਦੇ ਤਿੰਨ ਮਹੀਨੇ ਇਸ ਸੰਸਥਾ ਵਿੱਚ ਕਈ ਨਾਮੀ ਤੇ ਮਹਾਨ ਸਾਇੰਸਦਾਨਾਂ ਨਾਲ ਮਿਲ ਕੇ ਆਪਣੀ ਖੋਜ ਬਿਰਤੀ ਨੂੰ ਹੋਰ ਜਾਗ ਲਾਉਂਦੇ ਰਹੇ। ਇਸ ਦਾ ਸਾਰਾ ਖਰਚਾ ਡਾਕਟਰ ਸਾਹਿਬ ਆਪਣੀ ਇਨਾਮੀ ਰਕਮ ਵਿੱਚੋਂ ਕਰਦੇ ਰਹੇ। ਉਹ ਕੈਂਬਰਿਜ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਰਹੇ ਪਰ ਪਾਕਿਸਤਾਨ ਆਉਣਾ ਜਾਰੀ ਰੱਖਿਆ ਤੇ ਪਾਕਿਸਤਾਨ ਸਰਕਾਰ ਦੇ ਵਿਗਿਆਨ ਨੀਤੀ ਸੰਬੰਧੀ ਸਲਾਹਕਾਰ ਬਣਾਏ ਗਏ। ਉਹ ਪਾਕਿਸਤਾਨ ਪਰਮਾਣੂ ਊਰਜਾ ਕਮਿਸ਼ਨ ਦੇ ਮੈਂਬਰ ਰਹੇ ਅਤੇ ਤੇਰਾਂ ਸਾਲ ਭਾਵ ਸੰਨ 1961 ਤੋਂ 1974 ਤੱਕ ਪਾਕਿਸਤਾਨ ਦੇ ਹਰ

ਰਾਸ਼ਟਰਪਤੀ ਅਤੇ ਸਰਕਾਰ 'ਚ ਮੁੱਖ ਸਲਾਹਕਾਰ ਦੇ ਤੌਰ 'ਤੇ ਭੂਮਿਕਾ ਨਿਭਾਈ। ਇਸ ਮਹਾਨ ਭੌਤਿਕ ਵਿਗਿਆਨੀ ਨੇ ਤਕਰੀਬਨ 40 ਸਾਲ ਖੋਜ ਨੂੰ ਸਮਰਪਿਤ ਕੀਤੇ ਤੇ ਇਸ ਖੇਤਰ ਵਿੱਚ ਮੋਹਰੀ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਨੇ ਪਰਮਾਣੂ ਸ਼ਕਤੀ ਵਿੱਚ ਦਿਲਚਸਪੀ ਰੱਖਣ ਵਾਲੇ ਤਕਰੀਬਨ 500 ਸਿਰੜੀ ਤੇ ਉਭਰਦੇ ਸਾਇੰਸਦਾਨਾਂ ਨੂੰ ਬਾਹਰਲੇ ਮੁਲਕਾਂ ਵਿੱਚ ਹੋਰ ਉੱਚ ਵਿੱਦਿਆ ਤੇ ਖੋਜ ਲਈ ਭੇਜਿਆ। ਡਾ.ਸਲਾਮ ਨੂੰ ਪਾਕਿਸਤਾਨ ਦੇ ਪੁਲਾੜੀ ਖੋਜ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਆਪ ਨੇ ਸੰਨ 1965 ਵਿੱਚ ਪਾਕਿਸਤਾਨ ਤੇ ਕੈਨੇਡਾ ਵਿਚਕਾਰ ਪਰਮਾਣੂ ਸੰਧੀ 'ਤੇ ਸਹੀ ਪਾਈ, ਫਿਰ ਕਰਾਚੀ ਵਿੱਚ ਪਰਮਾਣੂ ਕੇਂਦਰ ਸਥਾਪਿਤ ਕੀਤਾ। ਉਹ ਪਰਮਾਣੂ ਤਕਨਾਲੋਜੀ ਦੀ ਅਹਿਮੀਅਤ ਸਮਝਦੇ ਸਨ। ਇਹੀ ਵਜ੍ਹਾ ਸੀ ਕਿ ਭਾਵੇਂ ਪਾਕਿਸਤਾਨ ਕਈ ਵਰ੍ਹੇ ਫ਼ੌਜੀ ਜਰਨੈਲ ਤੇ ਤਾਨਾਸ਼ਾਹ ਰਾਜ ਸੱਤਾ 'ਤੇ ਭਾਰੂ ਰਹੇ ਪਰ ਹਰ ਸਰਕਾਰ ਨੇ ਇਸ ਵਿਗਿਆਨੀ ਨੂੰ ਸਲਾਹਕਾਰ ਦੇ ਤੌਰ ਤੇ ਨਾਲ ਰੱਖਿਆ ਡਾ. ਅਬਦੁਲ ਸਲਾਮ ਦੀ ਖੋਜ ਤੇ ਵਰ੍ਹਿਆ ਦੀ ਮਿਹਨਤ ਨੂੰ ਬੂਰ ਪਿਆ। ਸੰਨ 1979 ਵਿੱਚ ਉਹਨਾਂ ਨੂੰ 'ਇਲੈਕਟ੍ਰੋਵੀਕ ਥਿਊਰੀ' ਦੀ ਖੋਜ ਕਰਨ 'ਤੇ ਨੋਬਲ ਇਨਾਮ ਮਿਲਿਆ। ਉਹ ਪਹਿਲੇ ਪੰਜਾਬੀ ਹਨ ਜਿਹੜੇ ਇਸ ਉੱਚਕੋਟੀ ਦੇ ਸਨਮਾਨ ਨਾਲ ਨਿਵਾਜੇ ਗਏ।( ਡਾ. ਹਰਗੋਬਿੰਦ ਖੁਰਾਣਾ ਵੀ ਇੱਕ ਪੰਜਾਬੀ ਸਨ ਜਿਨ੍ਹਾਂ ਦਾ ਜਨਮ ਪੱਛਮੀ ਪੰਜਾਬ ਦੇ ਪਿੰਡ ਰਾਏਪੁਰ ਵਿੱਚ ਹੋਇਆ ਸੀ। ਉਨ੍ਹਾਂ ਨੇ 1968 ਵਿੱਚ ਮੈਡੀਸਨ ਦਾ ਨੋਬਲ ਇਨਾਮ ਪ੍ਰਾਪਤ ਕੀਤਾ ਜਿਸ ਸਮੇਂ ਉਹ ਅਮਰੀਕਾ ਦੇ ਨਾਗਰਿਕ ਸਨ।)

ਡਾ. ਸਲਾਮ ਮੁਸਲਮਾਨਾਂ ਦੇ ਅਹਿਮਦੀ ਫਿਰਕੇ ਨਾਲ ਸਬੰਧਿਤ ਸਨ। ਪਾਕਿਸਤਾਨ ਦੀ ਪਾਰਲੀਮੈਂਟ ਨੇ ਸੰਵਿਧਾਨ ਵਿੱਚ ਤਰਮੀਮ ਕਰ ਕੇ ਇੱਕ ਬਿੱਲ ਪਾਸ ਕੀਤਾ ਜਿਸ ਮੁਤਾਬਕ ਅਹਿਮਦੀ ਕੁਨਬੇ ਨੂੰ ਮੁਸਲਮਾਨਾਂ ਦੇ ਦਰਜੇ ਤੋਂ ਵਾਂਝਿਆ ਕਰ ਦਿੱਤਾ ਗਿਆ। ਇਸ ਨਾਲ ਡਾ.ਸਲਾਮ ਦੇ ਦਿਲ ਨੂੰ ਬਹੁਤ ਠੇਸ ਪਹੁੰਚੀ। ਰੋਸ ਵਜੋਂ ਉਹ ਲੰਡਨ ਚਲੇ ਗਏ ਤੇ ਸਾਰੀ ਉਮਰ ਉਨ੍ਹਾਂ ਨੂੰ ਇਸ ਪ੍ਰਤੀਕਰਮ ਦੀ ਨਮੋਸ਼ੀ ਰਹੀ।

ਡਾਕਟਰ ਸਲਾਮ ਸੰਸਾਰ ਵਿੱਚ ਉੱਚਕੋਟੀ ਦੇ ਪਰਮਾਣੂ ਤੇ ਪੁਲਾੜੀ ਸਾਇੰਸਦਾਨਾ ਨਾਲ ਸਬੰਧਿਤ ਰਹੇ ਤੇ ਨਿਵੇਕਲੇ ਖੋਜੀ ਵਿਚਾਰ ਦਿੰਦੇ ਰਹੇ। ਉਹ ਵਿਗਿਆਨ ਤੇ ਤਕਨਾਲੋਜੀ ਲਈ ਸਥਾਪਿਤ ਕੀਤੀਆਂ ਗਈਆਂ ਯੂ.ਐਨ.ਓ. ਇਤਹਾਦੀ ਸਭਾਵਾਂ ਦੇ ਮੈਂਬਰ ਸਨ। ਡਾ. ਸਲਾਮ ਵੱਲੋਂ ਕੀਤੀਆਂ ਗਈਆ ਖੋਜਾਂ ਦੇ ਨਤੀਜੇ ਬੜੇ ਪ੍ਰਭਾਵਸ਼ਾਲੀ ਸਨ। ਉਨ੍ਹਾਂ ਦੀ ਮਿਹਨਤ ਸਦਕਾ ਪਾਕਿਸਤਾਨ ਪਰਮਾਣੂ ਤੇ ਪੁਲਾੜ ਖੇਤਰ ਵਿੱਚ ਮੋਹਰੀ ਦੇਸ਼ਾਂ ਦੀ ਕਤਾਰ ਵਿੱਚ ਆ ਖੜੋਤਾ।

ਡਾਕਟਰ ਸਲਾਮ ਦੇ ਜੀਵਨ ਤੇ ਰਹਿਣੀ ਵਿੱਚ ਸਾਦਗੀ ਸੀ। ਉਨ੍ਹਾਂ ਨੇ ਦੋ ਵਿਆਹ ਕਰਵਾਏ। ਪਹਿਲੀ ਪਤਨੀ ਤੋਂ ਤਿੰਨ ਧੀਆਂ ਤੇ ਇੱਕ ਪੁੱਤਰ ਅਤੇ ਦੂਜੀ ਤੋਂ ਇੱਕ ਪੁੱਤਰ ਤੇ ਇੱਕ ਧੀ ਹਨ। ਜਦੋਂ ਡਾ. ਸਲਾਮ ਦੇ ਪਿਤਾ ਦੀ ਮੌਤ ਹੋਈ ਤਾਂ ਉਨ੍ਹਾਂ ਨੇ ਸੋਗ ਵਜੋਂ ਚਾਲੀ ਦਿਨ ਦਾ ਰੋਜ਼ਾ ਰੱਖਿਆ। ਇਸ ਮਹਾਨ ਵਿਦਵਾਨ ਬਾਰੇ ਕਿਹਾ ਜਾਂਦਾ ਹੈ ਕਿ ਠਰ੍ਹੰਮੇ ਨਾਲ ਬੋਲਣ ਵਾਲੇ ਇਹ ਵਕਤਾ ਆਪਣੇ ਭਾਸ਼ਣ ਨੂੰ ਬਹੁਤ ਹੀ ਰੌਚਕ ਬਣਾ ਦਿੰਦੇ ਸਨ। ਲੈਕਚਰ ਖਤਮ ਹੋਣ ਤੋਂ ਬਾਅਦ ਸੁਣਨ ਵਾਲੇ ਆਪਮੁਹਾਰੇ ਤਾੜੀਆਂ ਦੀ ਗੂੰਜ 'ਚ ਖੜੇ ਹੋ ਕੇ ਉਨ੍ਹਾਂ ਦਾ ਅਭਿਨੰਦਨ ਕਰਦੇ। ਡਾਕਟਰ ਸਲਾਮ 1983 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਕਨਵੋਕੇਸ਼ਨ ਸਮੇਂ ਪੰਜਾਬ ਆਏ। ਇੱਕ ਲੰਮੀ ਬੀਮਾਰੀ ਨਾਲ ਜੂਝਦੇ 70 ਸਾਲ ਦੀ ਉਮਰ ਵਿੱਚ ਆਪ 21 ਨਵੰਬਰ 1996 ਦੇ ਦਿਨ ਆਕਸਫੋਰਡ ਵਿਖੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀ ਮ੍ਰਿਤਕ ਦੇਹ ਪਾਕਿਸਤਾਨ ਲਿਆਂਦੀ ਗਈ ਤੇ ਬਾਹਿਸ਼ਤੀ ਮਕਬਰੇ ਵਿੱਚ ਤਕਰੀਬਨ ਪੰਝੀ ਹਜ਼ਾਰ ਲੋਕਾਂ ਦੀ ਹਾਜ਼ਰੀ ਵਿੱਚ ਸਪੁਦਰ-ਏ ਖਾਕ ਕੀਤੀ ਗਈ। ਪਾਕਿਸਤਾਨ ਸਰਕਾਰ ਨੇ ਡਾ. ਸਲਾਮ ਦੀ ਯਾਦ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ। ਸਾਰੇ ਪੰਜਾਬੀ, ਉਹ ਭਾਵੇਂ ਪਾਕਿਸਤਾਨ ਵਿੱਚ ਹੋਣ ਜਾਂ ਭਾਰਤ ਵਿੱਚ ਡਾਕਟਰ ਅਬਦੁਲ ਸਲਾਮ 'ਤੇ ਮਾਣ ਕਰਦਿਆਂ ਉਨ੍ਹਾਂ ਨੂੰ ਹਮੇਸ਼ਾਂ ਯਾਦ ਕਰਦੇ ਰਹਿਣਗੇ।

❋ ❋ ❋ ❋ ❋

## ਸਨਮਾਨਿਤ ਸੈਣੀ ਸਖਸ਼ੀਅਤਾਂ ਨੂੰ ਹਾਰਦਿਕ ਵਧਾਈ



- ਵਿਸ਼ਵ ਪ੍ਰਸਿੱਧ ਸੂਫੀ ਗਾਇਕ **ਸਤਿੰਦਰ ਸਰਤਾਜ** ਨੂੰ, ਪੀ.ਟੀ.ਸੀ. ਚੈਨਲ ਵਲੋਂ '**ਸੰਗੀਤ ਸਰਤਾਜ ਐਵਾਰਡ**' ਨਾਲ ਸਨਮਾਨਿਤ ਹੋਣ 'ਤੇ।



- ਭਾਰਤੀ-ਅਮਰੀਕੀ **ਮਿਸ ਸ਼ਿਰੀ ਸੈਣੀ** ਨੂੰ, **ਮਿਸ ਇੰਡੀਆ ਵਰਲਡ ਵਾਈਡ 2018 ਤਾਜ** ਪਹਿਨਣ 'ਤੇ। ਸਿਰੀ ਸੈਣੀ ਨੂੰ ਇਹ ਸਨਮਾਨ ਨਿਊਯਾਰਕ ਵਿੱਚ ਪਰਵਾਸੀ ਭਾਰਤੀ ਭਾਈਚਾਰੇ ਵਲੋਂ ਕਰਵਾਏ ਜਾਣ ਵਾਲੇ ਸਭ ਤੋਂ ਪੁਰਾਣੇ ਤੇ ਵੱਡੇ ਸਮਾਗਮ ਸਮੇਂ ਪ੍ਰਦਾਨ ਕੀਤਾ ਜਾਵੇਗਾ। ਇਸ ਮੁਕਾਬਲੇ ਵਿੱਚ 17 ਮੁਲਕਾਂ ਦੀਆਂ ਭਾਰਤੀ ਮੁਟਿਆਰਾਂ ਨੇ ਭਾਗ ਲਿਆ ਸੀ।



- ਚੰਡੀਗੜ੍ਹ ਵਿਖੇ ਆਰਮੀ ਅਫਸਰ ਦੇ ਘਰ 1979 ਵਿਚ ਜਨਮੀ **ਫਲੌਰਾ ਸੈਣੀ** ਕੰਨੜ, ਹਿੰਦੀ, ਤਾਮਿਲ, ਪੰਜਾਬੀ ਅਤੇ ਤੇਲਗੂ ਫਿਲਮਾਂ ਦੀ ਪ੍ਰਸਿੱਧ ਐਕਟਰੈਸ ਹੈ। ਇਨ੍ਹਾਂ ਦੀ 2018 ਵਿੱਚ ਫਿਲਮ "ਇਸਤਰੀ" ਰੀਲੀਜ਼ ਹੋਈ ਹੈ।

## ਸੈਣੀ ਭਵਨ ਵਲੋਂ ਵਧਾਈ

**ਰੂਪਨਗਰ ਦੇ ਸੈਣੀ ਬਰਾਦਰੀ ਦੇ ਨਵੇਂ ਚੁਣੇ ਗਏ ਸਰਪੰਚ:**



**ਸ. ਲਖਵਿੰਦਰ ਸਿੰਘ ਭੂਰਾ** ਪੁੱਤਰ ਸ. ਗਿਆਨ ਸਿੰਘ, ਬੇਲਾ



**ਸ਼੍ਰੀਮਤੀ ਪ੍ਰਿਤਪਾਲ ਕੌਰ :** ਪਿੰਡ ਕੋਟਲਾ ਨਿਹੰਗ, ਜ਼ਿਲ੍ਹਾ ਰੋਪੜ



**ਸ਼੍ਰੀਮਤੀ ਜਸਵੀਰ ਕੌਰ** : ਪਿੰਡ ਡਾਢੀ



**ਸ਼੍ਰੀਮਤੀ ਰਾਜਵਿੰਦਰ ਕੌਰ** ਪਤਨੀ ਸ. ਹਰਕਮਲ ਸਿੰਘ, ਪਿੰਡ ਭੈਰੋਂਮਾਜਰਾ



**ਸ਼੍ਰੀਮਤੀ ਕੁਲਵੰਤ ਕੌਰ ਪਤਨੀ ਸ. ਰਛਪਾਲ ਸਿੰਘ** ਪਿੰਡ ਥਲੀ ਕਲਾਂ



**ਸ. ਮਨਮੋਹਨ ਸਿੰਘ ਪੁੱਤਰ ਸ. ਮਹਿੰਦਰ ਸਿੰਘ**: ਪਿੰਡ ਆਲਮਪੁਰ

- **ਐਡਵੋਕੇਟ ਕਮਲ ਸਿੰਘ** ਪੁੱਤਰ ਸ. ਗੁਰਨਾਮ ਸਿੰਘ, ਕਟਲੀ
- **ਸ਼੍ਰੀਮਤੀ ਸੀਮਾ ਸੈਣੀ** ਪਤਨੀ ਸ਼੍ਰੀ ਸੰਜੀਵ ਸੈਣੀ, ਡਕਾਲਾ
- **ਸ. ਮੇਹਰ ਸਿੰਘ ਲੌਂਗੀਆ**, ਸਿੰਘ (ਭਗਵੰਤਪੁਰ)
- **ਸ਼੍ਰੀਮਤੀ ਕੁਲਵਿੰਦਰ ਕੌਰ** ਪਤਨੀ ਸ. ਪਰਮਜੀਤ ਸਿੰਘ, ਮਲਿਕਪੁਰ
- **ਸ਼੍ਰੀਮਤੀ ਸੁਰਿੰਦਰ ਕੌਰ** ਪਤਨੀ ਸ਼੍ਰੀ ਵਿਜੈ ਕੁਮਾਰ, ਸਰਥਲੀ
- **ਸ਼੍ਰੀਮਤੀ ਮਨਦੀਪ ਕੌਰ** ਪਤਨੀ ਸ. ਮਨਜਿੰਦਰ ਸਿੰਘ, ਮੁਜ਼ਾਫਤ
- **ਸ. ਕੁਲਵੰਤ ਸਿੰਘ ਕਾਬੜਵਾਲ,** ਸ਼ਾਮਪੁਰਾ
- **ਸ. ਸੁਰਜੀਤ ਸਿੰਘ ਰਾਜੂ,** ਹਵੇਲੀ ਖੁਰਦ
- **ਸ. ਗੁਰਦੀਪ ਸਿੰਘ ਰਾਜੂ,** ਚੌਂਤਾ
- **ਸ. ਸੱਜਣ ਸਿੰਘ ਸੈਣੀ,** ਪਰੋਜਪੁਰ
- **ਸ. ਦਿਆਲ ਸਿੰਘ,** ਜਟਾਣਾ
- **ਸ. ਦਿਦਾਰ ਸਿੰਘ**, ਮਕਰਾਰ

**ਬਾਕੀ ਸਫਾ 30 'ਤੇ**

## ਸ਼ਾਰਟ ਕੱਟ ਦੇ ਚੱਕਰ ਵਿੱਚ ਨਾ ਪਵੋ

ਇੰਜ. ਸੰਜੀਵ ਸੈਣੀ, ਡੇਰਾ ਬਸੀ

ਜੀਵਨ ਦੀਆਂ ਮੁਸ਼ਕਲਾਂ ਪੌੜੀ ਦੀ ਤਰਾਂ ਹੁੰਦੀਆਂ ਹਨ, ਜਿਸ 'ਤੇ ਇੱਕ ਇੱਕ ਕਦਮ ਰੱਖ ਕੇ ਉੱਪਰ ਚੜ੍ਹਨਾ ਹੁੰਦਾ ਹੈ। ਇਸ ਵਿੱਚ ਲਿਫਟ ਜਿਹੀ ਕੋਈ ਸਥਿਤੀ ਨਹੀਂ ਹੁੰਦੀ। ਇਹ ਕੇਵਲ ਕਲਪਣਾ ਵਿੱਚ ਹੀ ਹੁੰਦੀ ਹੈ। ਸ਼ਾਰਟ ਕੱਟ ਨਾਲ ਕਦੇ ਕਿਸੇ ਨੂੰ ਸਫਲਤਾ ਨਹੀਂ ਮਿਲੀ ਅਤੇ ਨਾ ਹੀ ਮਿਲੇਗੀ। ਪਲ ਭਰ ਵਿੱਚ ਮੰਜ਼ਿਲ 'ਤੇ ਪਹੁੰਚਾਉਣ ਦਾ ਦਾਹਵਾ ਕਰਨ ਵਾਲੇ ਖੁਦ ਇਸ ਢੰਗ ਨਾਲ ਟੀਚੇ ਕਿਉਂ ਨਹੀਂ ਪ੍ਰਾਪਤ ਕਰ ਲੈਂਦੇ?

ਇਸ ਗੱਲ ਤੋਂ ਵਹਿਮ ਵਿੱਚ ਨਾ ਪਵੋ ਕਿ ਜੇ ਜ਼ਮਾਨਾ ਫਟਾਫਟ ਦਾ ਹੈ ਤਾਂ ਸਫਲਤਾ ਵੀ ਫਟਾਫਟ ਮਿਲ ਜਾਵੇਗੀ। ਇਸ ਜ਼ਮਾਨੇ ਵਿੱਚ ਵੀ ਕਾਮਯਾਬੀ ਲਈ ਸ਼ਾਰਟ ਕੱਟ ਕੋਈ ਫਾਰਮੂਲਾ ਨਹੀਂ। ਸ਼ਾਰਟ ਕੱਟ ਦੀ ਜਲਦੀ ਤੁਹਾਨੂੰ ਹੋਰ ਵੀ ਥੱਲੇ ਸੁੱਟ ਸਕਦੀ ਹੈ। ਜੋ ਲੋਕ ਅਜਿਹੀ ਮਾਨਸਿਕਤਾ ਰਖਦੇ ਹਨ ਉਨ੍ਹਾਂ ਤੋਂ ਦੂਰ ਰਹਿਣਾ ਹੀ ਚੰਗਾ ਹੈ। ਜੋ ਲੋਕ ਉਚਾਈਆਂ 'ਤੇ ਪਹੁੰਚਦੇ ਹਨ ਉਨ੍ਹਾਂ ਦੇ ਪਿੱਛੇ ਕਈ ਸਾਲਾਂ ਦੀ ਮਿਹਨਤ ਦਾ ਹੱਥ ਹੁੰਦਾ ਹੈ। ਕੋਈ ਇਨਾਮ ਜਿੱਤਣਾ ਹੋਵੇ ਜਾਂ ਪ੍ਰੀਖਿਆ ਪਾਸ ਕਰਨੀ ਹੋਵੇ, ਸਫਲਤਾ ਇਕ ਦਿਨ ਵਿੱਚ ਸੰਭਵ ਨਹੀਂ। ਕੇਵਲ ਨਿਰੰਤਰ ਮਿਹਨਤ ਨਾਲ ਹੀ ਸਫਲਤਾ ਦਾ ਝੰਡਾ ਲਹਿਰਾਇਆ ਜਾ ਸਕਦਾ ਹੈ।

ਰਾਤੋ-ਰਾਤ ਹੀ ਨਾ ਕੋਈ ਅਮੀਰ ਬਣਦਾ ਹੈ, ਨਾ ਦੇਸ਼ ਦਾ ਮੁਖੀ। ਸਾਰੇ ਵੱਡੇ ਕੰਮ ਨੇਪਰੇ ਚੜ੍ਹਨ ਲਈ ਸਮੇ ਦੀ ਮੰਗ ਕਰਦੇ ਹਨ। ਇਹ ਵੱਖਰੀ ਗੱਲ ਹੈ ਕਿ ਬਹੁਤੀ ਵਾਰ ਉਨ੍ਹਾਂ ਲਈ ਕੀਤੀ ਮਿਹਨਤ ਵੱਲ ਸਾਡਾ ਧਿਆਨ ਨਹੀਂ ਜਾਂਦਾ। ਧਿਆਨ ਉਦੋਂ ਹੀ ਜਾਂਦਾ ਹੈ ਜਦੋਂ ਟੀਚਾ ਹਾਸਲ ਹੋ ਜਾਂਦਾ ਹੈ। ਜਿਸ ਤਰਾਂ ਇੱਕ ਦਿਨ ਵਿੱਚ ਖਾਣਾ ਖਾਣ ਨਾਲ ਅਸੀਂ ਮੋਟੇ ਨਹੀਂ ਹੋ ਜਾਂਦੇ ਅਤੇ ਇੱਕੋ ਵੇਰ ਦਵਾਈ ਖਾਣ ਨਾਲ ਤੰਦਰੁਸਤ ਨਹੀਂ ਹੋ ਜਾਂਦੇ ਉਸੇ ਤਰਾਂ ਮੰਜ਼ਿਲ ਇਕ ਦਿਨ ਵਿੱਚ ਹਾਸਲ ਨਹੀਂ ਹੋ ਜਾਂਦੀ। ਸਫਲਤਾ ਲਈ ਸ਼ਾਰਟ ਕੱਟ ਦੇ ਚੱਕਰ ਵਿੱਚ ਪੈਣਾ ਫਜ਼ੂਲ ਹੈ।

ਕਿਸੇ ਵੀ ਕੰਮ ਨੂੰ ਸਫਲਤਾਪੂਰਬਕ ਨੇਪਰੇ ਚਾੜ੍ਹਨ ਲਈ ਲੰਬੇ ਸਮੇਂ ਦੀ ਯੋਜਨਾ ਬਣਾਓ। ਇਸ ਵਿੱਚ ਹੀ ਭਲਾਈ ਹੈ। ਆਪਣਾ ਟੀਚਾ ਨਿਯਤ ਕਰੋ। ਇਸ ਤੋਂ ਬਿਨਾਂ ਮੰਜ਼ਲ ਤੱਕ ਕਦੇ ਨਹੀਂ ਪਹੁੰਚ ਸਕੋਗੇ। ਮਿਹਨਤ ਕਰਦੇ ਸਮੇਂ ਮੁਸ਼ਕਲਾਂ ਤੋਂ ਘਬਰਾਉਣ ਦੀ ਬਿਜਾਏ ਇਨ੍ਹਾਂ ਨੂੰ ਪਾਰ ਕਰਨ ਲਈ ਮਾਹਰਾਂ ਦੀ ਸਲਾਹ ਲਓ। ਕੋਸ਼ਿਸ਼ ਕਰੋ ਕਿ ਪਹਿਲਾਂ ਕੀਤੀਆਂ ਗਲਤੀਆਂ ਮੁੜ ਦੁਹਰਾਈਆਂ ਨਾ ਜਾਣ। ਸਫਲਤਾ ਪ੍ਰਾਪਤ ਕਰਨ ਲਈ ਆਪਣੀ ਜ਼ਿੰਦਗੀ ਦਾ ਨਕਸ਼ਾ ਤਿਆਰ ਕਰੋ। ਫਿਰ ਹਰ ਸਾਲ, ਦੋ ਸਾਲ ਜਾਂ ਤਿੰਨ ਸਾਲ ਬਾਅਦ ਖੁਦ ਹੀ ਆਪਣੀ ਅਸੈਸਮੈਂਟ ਕਰੋ ਕਿ ਤੁਸੀਂ ਨਿਰਧਾਰਿਤ ਟੀਚੇ ਦੇ ਕਿੰਨੇ ਨੇੜੇ ਪਹੁੰਚੇ ਹੋ। ਇਹ ਹੀ ਸਫਲਤਾ ਦਾ ਫਾਰਮੂਲਾ ਹੈ।

ਫੋਨ-7888966168

ਚੜ੍ਹਦੀ ਕਲਾ

## 'ਜੇ ਅਤੇ ਕਿਉਂ' ਵਿੱਚ ਉਲਝੀਆਂ ਜ਼ਿੰਦਗੀਆਂ

ਡਾ. ਹਰਸ਼ਿੰਦਰ ਕੌਰ (ਐੱਮ.ਡੀ.)
ਰੂਪਨਗਰ

ਜਦੋਂ ਅਸੀਂ ਕੋਈ ਮਨਮੋਹਕ ਕੁਦਰਤੀ ਦ੍ਰਿਸ਼ ਵੇਖਦੇ ਹਾਂ ਤਾਂ ਅਵਾਕ ਹੋ ਕੇ ਉਸੇ ਵਿਚ ਖੁੱਭ ਕੇ ਰਹਿ ਜਾਂਦੇ ਹਾਂ। ਕਈ ਦ੍ਰਿਸ਼ ਤਾਂ ਉਮਰ ਭਰ ਦੀ ਯਾਦ ਬਣ ਜਾਂਦੇ ਹਨ। ਇਨ੍ਹਾਂ ਕੁਦਰਤੀ ਦ੍ਰਿਸ਼ਾਂ ਵਿਚ ਅਸੀਂ ਆਪਣੀ ਮਰਜ਼ੀ ਨਾਲ ਤਬਦੀਲੀ ਨਹੀਂ ਕਰ ਸਕਦੇ, ਯਾਨੀ ਨਾ ਬੱਦਲਾਂ ਦੀ ਸ਼ਕਲ ਬਦਲ ਸਕਦੇ ਹਾਂ, ਨਾ ਹੀ ਡੁੱਬਦੇ ਸੂਰਜ ਦਾ ਸਮੁੰਦਰ ਵਿਚ ਪੈਦਾ ਹੋਏ ਅਕਸ ਤੇ ਨਾ ਹੀ ਬਰਫ਼ ਨਾਲ ਕੱਜੇ ਪਹਾੜ ਜਾਂ ਡਿੱਗਦੇ ਝਰਨੇ ਦੀਆਂ ਉੱਡਦੀਆਂ ਛਿੱਟਾਂ! ਅਜਿਹਾ ਦ੍ਰਿਸ਼ ਜਿਉਂ ਦਾ ਤਿਉਂ ਤਸਵੀਰਾਂ ਵਿਚ ਜਾਂ ਅੱਖਾਂ ਵਿਚ ਵਸਾ ਲੈਂਦੇ ਹਾਂ।

ਸੋਚ ਕੇ ਵੇਖੀਏ: ਕੀ ਅਸੀਂ ਕਦੇ ਕਹਿੰਦੇ ਹਾਂ, ਜੇ ਦਰੱਖ਼ਤ ਪਹਾੜ ਦੇ ਪਰਲੇ ਕੋਨੇ ਉੱਤੇ ਹੁੰਦੇ ਤਾਂ ਹੀ ਨਜ਼ਾਰਾ ਸੋਹਣਾ ਹੁੰਦਾ। ਜੇ ਕਿਤੇ ਡੁੱਬਦੇ ਸੂਰਜ ਦਾ ਪਰਛਾਵਾਂ ਸਮੁੰਦਰ ਦੇ ਪਰਲੇ ਕੋਨੇ ਉੱਤੇ ਪੈਂਦਾ, ਤਾਂ ਹੀ ਮੈਂ ਤਸਵੀਰ ਖਿੱਚਦਾ! ਇਹ ਦ੍ਰਿਸ਼ ਬਿਨਾਂ ਤਬਦੀਲੀ ਸਦਕਾ ਹੀ ਮਨਮੋਹਕ ਲੱਗਦੇ ਹਨ। ਜਿਉਂ ਹੀ ਅਸੀਂ ਆਪ ਕਿਸੇ ਥਾਂ ਜਾਂ ਮਨੁੱਖ ਵਿਚ ਤਬਦੀਲੀ ਭਾਲਦੇ ਹਾਂ ਤਾਂ ਸਾਡੇ ਮਨ ਅੰਦਰਲੀ ਅਤ੍ਰਿਪਤ ਉਮੰਗ ਸਾਹਮਣੇ ਆ ਖੜ੍ਹੀ ਹੁੰਦੀ ਹੈ। ਇਹੀ ਪੁਆੜੇ ਦੀ ਜੜ੍ਹ ਹੁੰਦੀ ਹੈ।

ਜ਼ਿੰਦਗੀ ਦੀਆਂ ਅਤ੍ਰਿਪਤ ਉਮੰਗਾਂ ਹੀ ਸਾਨੂੰ ਸੰਤੁਸ਼ਟ ਨਹੀਂ ਹੋਣ ਦਿੰਦੀਆਂ। 'ਜੇ' ਮੇਰੇ ਕੋਲ ਵੱਡੀ ਕਾਰ ਹੁੰਦੀ, 'ਜੇ' ਮੇਰੀ ਵਹੁਟੀ ਉਸ ਵਰਗੀ ਸੋਹਣੀ ਹੁੰਦੀ, 'ਜੇ' ਮੇਰਾ ਬੱਚਾ ਵੀ ਡਾਕਟਰ ਬਣ ਜਾਂਦਾ, 'ਜੇ' ਮੇਰੀ ਨੌਕਰੀ ਅਮਰੀਕਾ ਵਿਚ ਹੁੰਦੀ, ਮੇਰੇ ਨਾਲ ਹੀ ਸਭ ਕੁਝ ਮਾੜਾ 'ਕਿਉਂ' ਹੁੰਦਾ ਹੈ, ਆਦਿ ਸਾਨੂੰ ਆਪਣੇ 'ਅੱਜ' ਤੋਂ ਖ਼ੁਸ਼ੀ ਮਹਿਸੂਸ ਕਰਨ ਜੋਗਾ ਨਹੀਂ ਛੱਡਦੇ। ਜੋ ਕੁਝ ਹਾਸਲ ਹੈ, ਉਹ ਇਕ ਪਾਸੇ ਛੱਡ ਕੇ, ਪੂਰਾ ਜ਼ੋਰ ਤਬਦੀਲੀ ਉੱਤੇ ਲਾਉਣ ਸਦਕਾ ਅਸੀਂ ਪਤੀ-ਪਤਨੀ ਜਾਂ ਹੋਰ ਘਰੇਲੂ ਰਿਸ਼ਤਿਆਂ ਵਿਚ ਤਰੇੜ ਪਾ ਲੈਂਦੇ ਹਾਂ.

ਸਾਈਕਲ ਵਾਲਾ, ਸਕੂਟਰ ਲੈਣ ਦਾ ਸੁਫ਼ਨਾ ਵੇਖਦਾ ਹੈ ਤੇ ਸਕੂਟਰ ਵਾਲਾ ਕਾਰ, ਕਾਰ ਵਾਲਾ ਜਹਾਜ਼ ਤੇ ਜਹਾਜ਼ ਵਾਲਾ ਚੰਨ ਉੱਤੇ ਪਹੁੰਚਣ ਨੂੰ ਜ਼ੋਰ ਲਾਉਂਦਾ ਹੀ ਪੂਰੀ ਜ਼ਿੰਦਗੀ ਖ਼ਤਮ ਕਰ ਲੈਂਦਾ ਹੈ। ਜੋ ਅੱਜ ਹੈ ਤੇ ਜੋ ਚੰਗੀਆਂ ਗੱਲਾਂ ਅੱਜ ਮਾਣ ਰਹੇ ਹਾਂ, ਉਹ ਸਾਡੀ 'ਜੇ' ਤੇ 'ਕਿਉਂ' ਵਿਚ ਰੁਲ ਜਾਂਦੀਆਂ ਹਨ ਤੇ ਅਸੀਂ ਉਸ ਖ਼ੁਸ਼ੀ ਤੋਂ ਵਾਂਝੇ ਰਹਿ ਜਾਂਦੇ ਹਾਂ। ਇਹੀ ਕਾਰਨ ਹੈ ਕਿ ਕੈਂਸਰ ਨਾਲ ਜੂਝ ਰਹੇ ਜਿੰਨੇ ਵੀ ਬੰਦੇ ਆਖ਼ਰੀ ਘੜੀਆਂ ਗਿਣ ਰਹੇ ਹੋਣ, ਉਹ ਸਾਰੇ ਇਕੋ ਹੀ ਸ਼ਿਕਾਇਤ ਕਰਦੇ ਵੇਖੇ ਗਏ ਹਨ-'ਜ਼ਿੰਦਗੀ ਮਾਨਣ ਦਾ ਵਕਤ ਹੀ ਨਹੀਂ ਮਿਲਿਆ, ਪਤਾ ਹੀ ਨਹੀਂ ਲੱਗਿਆ ਕਦੋਂ ਕੰਮਾਂ-ਕਾਰਾਂ ਵਿਚ ਲੰਘ ਗਈ।'

ਬਿਲਕੁਲ ਇੰਜ ਹੀ ਜਿਸ ਦੀ ਨਜ਼ਰ ਅਚਾਨਕ ਚਲੀ ਜਾਏ, ਉਦੋਂ ਹੀ ਉਸਨੂੰ ਕਹਿੰਦੇ ਸੁਣਦੇ ਹਾਂ-'ਹਾਏ ਹੁਣ ਪਤਾ ਲੱਗਿਆ, ਅੱਖਾਂ ਕੀ ਨਿਆਮਤ ਨੇ!' ਜਦੋਂ ਸੁਜਾਖਾ ਸੀ, ਉਦੋਂ ਅੱਖਾਂ ਦੀ ਅਹਿਮੀਅਤ ਸਮਝੀ ਹੀ ਨਹੀਂ। ਬਿਲਕੁਲ ਏਸੇ ਤਰ੍ਹਾਂ ਤੁਰਦੇ ਫਿਰਦੇ ਅਹਿਸਾਸ ਹੀ ਨਹੀਂ ਹੁੰਦਾ ਕਿ ਕਰੋੜਾਂ ਬੰਦੇ ਤੁਰ ਫਿਰ ਨਹੀਂ ਸਕਦੇ, ਅਨੇਕ ਮੰਜਿਆਂ ਉੱਤੇ ਅਪਾਹਜ ਬਣ ਕੇ ਅੱਡੀਆਂ ਰਗੜ ਰਹੇ ਹਨ, ਉਨ੍ਹਾਂ ਬਾਰੇ ਖ਼ਿਆਲ ਕਰਕੇ ਸ਼ੁਕਰਾਨਾ ਕਰਦਿਆਂ ਆਨੰਦਿਤ ਮਹਿਸੂਸ ਕਰਨ ਦੀ ਥਾਂ ਬੇਲੋੜੀਆਂ ਮੰਗਾਂ ਪੂਰੀਆਂ ਕਰਨ ਦੇ ਚੱਕਰ ਵਿਚ ਤਣਾਓ ਸਹੇੜ ਕੇ ਜਾਨ ਗੁਆ ਬਹਿੰਦੇ ਹਾਂ, ਜਾਂ ਸਰੀਰ ਰੋਗਾਂ ਦੀ ਪੰਡ ਬਣ ਕੇ ਰਹਿ ਜਾਂਦਾ ਹੈ।

ਸੰਤੁਸ਼ਟੀ ਸਿਰਫ਼ ਤਾਂ ਆਉਂਦੀ ਹੈ ਜਦੋਂ ਅਸੀਂ ਆਪਣੇ ਹਾਲਾਤ ਨੂੰ ਜਿਉਂ ਦਾ ਤਿਉਂ ਮੰਨ ਕੇ ਉਸ ਵਿਚੋਂ ਖ਼ੁਸ਼ੀ ਦਾ ਅਹਿਸਾਸ ਭਾਲੀਏ। ਉਸ ਵਿਚ ਹੋਰ ਤਬਦੀਲੀ ਲੱਭਦੇ ਲੱਭਦੇ ਜ਼ਿੰਦਗੀ ਦਾ ਅਨਮੋਲ ਸਮਾਂ ਅਜਾਈਂ ਗੁਆ ਲੈਂਦੇ ਹਾਂ। ਸਵੇਰੇ ਉੱਠਦੇ ਸਾਰ ਬੰਦਾ ਝੁੰਜਲਾਹਟ ਨਾਲ ਚੀਕਦਾ ਹੈ- 'ਅੱਜ ਫਿਰ ਰੌਲਾ-ਰੱਪਾ ਪਾ ਕੇ ਜਗਾਤਾ। ਇਨ੍ਹਾਂ ਨਿਆਣਿਆਂ ਨੇ ਜੀਣਾ ਹਰਾਮ ਕੀਤਾ ਹੋਇਆ ਹੈ। ਅੱਗੋਂ ਸਾਰਾ ਦਿਨ ਬੌਸ ਦੀ ਚੱਕ ਚੱਕ! ਜ਼ਿੰਦਗੀ ਨਰਕ ਬਣੀ ਪਈ ਹੈ!'

ਹੁਣ ਦੂਜਾ ਪਾਸਾ ਵੇਖੀਏ। ਸਵੇਰੇ ਉੱਠਣ ਦਾ ਮਤਲਬ ਹੈ ਕਿ ਅਸੀਂ ਉਨ੍ਹਾਂ ਲੱਖਾਂ ਲੋਕਾਂ ਵਿਚੋਂ ਨਹੀਂ ਹਾਂ ਜਿੰਨ੍ਹਾਂ ਨੇ ਅੱਜ ਦੀ ਸਵੇਰ ਨਹੀਂ ਵੇਖਣੀ ਤੇ ਮੌਤ ਦੇ ਮੂੰਹ ਵੱਲ ਚਲੇ ਜਾਣਾ ਏ। ਨਿਆਣਿਆਂ ਦੇ ਰੌਲੇ-ਰੱਪੇ ਦਾ ਮਤਲਬ ਹੈ ਕਿ ਸਾਨੂੰ ਕੁਦਰਤ ਨੇ ਪਿਆਰੇ ਬੱਚੇ ਦਿੱਤੇ ਹਨ। ਅਸੀਂ ਨਿਆਣਿਆਂ ਵੱਲੋਂ ਬਿਰਧ ਆਸ਼ਰਮ ਵਿਚ ਵੀ ਨਹੀਂ ਧੱਕੇ ਹੋਏ। ਅਸੀਂ ਆਪਣੀਆਂ ਅੱਖਾਂ ਨਾਲ ਵੇਖ ਸਕਦੇ ਹਾਂ, ਕੰਨਾਂ ਨਾਲ ਸੁਣ ਰਹੇ ਹਾਂ, ਮੂੰਹ ਨਾਲ ਬੋਲ ਰਹੇ ਹਾਂ ਤੇ ਤੁਰ ਵੀ ਸਕਦੇ ਹਾਂ। ਬੌਸ ਦੀ ਚੱਕ-ਚੱਕ ਦਾ ਮਤਲਬ ਹੈ ਕਿ ਸਾਨੂੰ ਨੌਕਰੀ ਵੀ ਮਿਲੀ ਹੋਈ ਹੈ ਤੇ ਅਸੀਂ ਕਰੋੜਾਂ ਲੋਕਾਂ ਤੋਂ ਚੰਗੇ ਹਾਂ ਜਿਹੜੇ ਬੇਰੁਜ਼ਗਾਰ ਹਨ। ਘਰ ਅੰਦਰ ਜਾਗ ਖੁੱਲ੍ਹੀ ਹੈ ਤਾਂ ਮਤਲਬ ਹੈ, ਸਿਰ ਉੱਤੇ ਛੱਤ ਵੀ ਹੈ ਜੋ ਕਰੋੜਾਂ ਨੂੰ ਨਸੀਬ ਨਹੀਂ। ਕੀ ਇਹ ਸਭ ਕੁਝ ਹੁੰਦਿਆਂ ਹਾਲੇ ਵੀ ਨਿਰਾ ਅਫਸੋਸ ਹੀ ਕਰਨਾ ਹੈ? ਇਸ ਦੀ ਬਜਾਏ ਜੇ ਇਹ ਸੋਚਿਆ ਜਾਏ- ਜਿਨ੍ਹਾਂ ਦੇ ਸਿਰ ਉੱਤੇ ਛੱਤ ਹੈ, ਚਲਾਉਣ ਨੂੰ ਕਾਰ ਸਕੂਟਰ ਹੈ, ਰੋਟੀ ਮਿਲ ਰਹੀ ਹੈ, ਜੇਬ ਵਿਚ ਪੈਸੇ ਹਨ, ਨੌਕਰੀ ਹੈ, ਬੈਂਕ ਬੈਲੈਂਸ ਹੈ, ਅੱਖਾਂ, ਕੰਨ, ਨੱਕ ਤੇ ਲੱਤਾਂ ਸਲਾਮਤ ਹਨ ਤੇ ਜੇਲ੍ਹ ਅੰਦਰ ਬੰਦ ਵੀ ਨਹੀਂ ਹਾਂ, ਤਾਂ ਅਸੀਂ ਦੁਨੀਆ ਭਰ ਦੇ ਲੋਕਾਂ ਵਿਚੋਂ ਚੋਟੀ ਦੇ 2 ਫੀਸਦੀ ਲੋਕਾਂ ਵਿਚ ਸ਼ਾਮਲ ਹਾਂ। ਕੀ ਇਹ ਖ਼ੁਸ਼ੀ

ਮਨਾਉਣ ਵਾਲੀ ਗੱਲ ਨਹੀਂ ਹੈ? ਜੇ ਖਿਝ ਕੇ ਉੱਠਣ ਨਾਲੋਂ ਸਵੇਰੇ ਉੱਠ ਕੇ ਆਪਣੇ ਜ਼ਿੰਦਾ ਹੋਣ ਦਾ ਸ਼ੁਕਰ ਮਨਾ ਕੇ, ਆਪਣੇ ਬੱਚਿਆਂ ਨਾਲ ਹੱਸ ਖੇਡ ਕੇ ਉਸ ਦਿਨ ਦਾ ਭਰਪੂਰ ਆਨੰਦ ਮਾਣੀਏ ਤਾਂ ਜ਼ਿੰਦਗੀ ਖ਼ੂਬਸੂਰਤ ਜਾਪੇਗੀ। ਇਹ ਜਸ਼ਨ ਦਾ ਮਾਹੌਲ ਸਭ ਨੂੰ ਖੁਸ਼ੀ ਨਾਲ ਭਰ ਦੇਵੇਗਾ।

ਜੀਵਨ ਸਾਥੀ ਨੂੰ ਆਪਣੇ ਹਿਸਾਬ ਨਾਲ ਤਬਦੀਲ ਕਰਨ ਨਾਲੋਂ ਉਸ ਦੀਆਂ ਚੰਗੀਆਂ ਆਦਤਾਂ ਤੇ ਕੋਈ ਚੰਗੀ ਗੱਲ ਦੀ ਸਰਾਹਣਾ ਕਰਦੇ ਸਾਰ ਹੀ ਸਾਰੀ ਕੁੜੱਤਣ ਖ਼ੁਰ ਜਾਂਦੀ ਹੈ। ਜੋ ਹੈ, ਉਸ ਵਿਚ ਸੰਤੁਸ਼ਟ ਹੋਣਾ ਸਿੱਖਣ ਦੀ ਲੋੜ ਹੈ। ਨਹੀਂ ਤਾਂ ਸਾਰੀ ਉਮਰ ਕੁੜ੍ਹਦੇ ਹੋਏ ਹੀ ਲੰਘ ਜਾਣੀ ਹੈ ਤੇ ਕਦੋਂ ਅੰਤ ਹੋ ਜਾਣਾ ਹੈ, ਪਤਾ ਹੀ ਨਹੀਂ ਲੱਗਣਾ।

ਹਾਲੇ ਵੀ ਵੇਲਾ ਹੈ। ਰੋਜ਼ ਦੋਸਤਾਂ-ਮਿੱਤਰਾਂ ਨਾਲ ਖ਼ੁਸ਼ੀਆਂ ਵੰਡੀਏ। ਪਤਾ ਨਹੀਂ, ਕਿਸ ਨੇ ਕਦੋਂ ਵਿਛੜ ਜਾਣਾ ਹੈ। ਰੋਜ਼ ਆਪਣੇ ਬੱਚਿਆਂ ਨਾਲ ਸਮਾਂ ਬਿਤਾਈਏ। ਪਤਾ ਹੀ ਨਹੀਂ ਲੱਗਣਾ, ਕਦੋਂ ਉਨ੍ਹਾਂ ਜਵਾਨ ਹੋ ਕੇ ਘਰੋਂ ਬਾਹਰ ਆਪਣੇ ਕੰਮਾਂ ਵਿਚ ਰੁੱਝ ਕੇ ਦੂਰ ਤੁਰ ਜਾਣਾ ਹੈ। ਬੇਰਹਿਮ ਮੌਤ ਨੇ ਜੀਵਨਸਾਥੀ ਖੋਹ ਲੈਣਾ ਹੈ, ਇਸ ਤੋਂ ਵੀ ਅਸੀਂ ਬੇਖਬਰ ਹਾਂ। ਇਸੇ ਲਈ ਆਪਣਿਆਂ ਨੂੰ ਆਪਣੇ ਹਿਸਾਬ ਨਾਲ ਤਬਦੀਲ ਕਰਦਿਆਂ ਮਨ ਵਿਚ ਕੌੜ ਭਰਨ ਦੀ ਥਾਂ ਉਨ੍ਹਾਂ ਨੂੰ ਕੁਦਰਤੀ ਦ੍ਰਿਸ਼ਾਂ ਵਾਂਗ ਇੰਜ ਹੀ ਅਪਣਾ ਲਈਏ ਤਾਂ ਜ਼ਿੰਦਗੀ ਵਾਕਈ ਬਹੁਤ ਖ਼ੂਬਸੂਰਤ ਜਾਪਣ ਲੱਗ ਪੈਂਦੀ ਹੈ ਤੇ ਬੇਰੰਗ ਰਿਸ਼ਤਿਆਂ ਵਿਚ ਵਾਪਸ ਰੌਣਕ ਪਰਤ ਆਵੇਗੀ। ਸੰਪੂਰਨ ਸੰਤੁਸ਼ਟੀ ਕਿਸੇ ਨੂੰ ਵੀ ਹਾਸਲ ਨਹੀਂ ਹੁੰਦੀ। ਇਸ ਲਈ ਉਸ ਦੀ ਉਡੀਕ ਕਰਨੀ ਫਜ਼ੂਲ ਹੈ।

-ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

* * * * *

ਸਫਾ 28 ਦੀ ਬਾਕੀ

- **ਸ਼੍ਰੀਮਤੀ ਸੁਖਵਿੰਦਰ ਕੌਰ** ਪਤਨੀ ਸ. ਗੁਰਜੀਤ ਸਿਘ ਸੋਨਾ, ਥਲੀ ਖੁਰਦ
- **ਸ. ਮਨਪ੍ਰੀਤ ਸਿੰਘ** ਪੁੱਤਰ ਸ. ਸਰਬਜੀਤ ਸਿੰਘ, ਖੁਆਸਪੁਰਾ
- **ਸ਼੍ਰੀਮਤੀ ਜਸਵੀਰ ਕੌਰ** ਪਤਨੀ ਸ. ਜੋਗਾ ਸਿੰਘ, ਰਤਨਪੁਰਾ
- **ਸ. ਪਰਮਜੀਤ ਸਿੰਘ** ਪੁੱਤਰ ਸ. ਸਰਦਾਰਾ ਸਿੰਘ, ਬੇਲੀਆਂ
- **ਸ਼੍ਰੀਮਤੀ ਸੁਰਜੀਤ ਕੌਰ**, ਭਲਿਆਣ
- **ਸ. ਅਜਮੇਰ ਸਿੰਘ,** ਭੱਕੂਮਾਜਰਾ
- **ਸ. ਅਮਰ ਸੰਗ੍ਰਾਮ ਸਿੰਘ,** ਖੇੜੀ ਸਲਾਬਤਪੁਰ
- **ਸ. ਗੁਰਜੀਤ ਸਿੰਘ ਸੈਣੀ,** ਬਾਮਾ ਕੁਲੀਆ
- **ਸ਼੍ਰੀ ਅਜੈ ਕੁਮਾਰ,** ਚੌਂਤਾ (ਨੂਰਪੁਰ ਬੇਦੀ)

*ਜਿਨ੍ਹਾਂ ਸਰਪੰਚਾਂ ਦੇ ਨਾਮ ਇਸ ਅੰਕ ਵਿੱਚ ਨਹੀਂ ਛਪੇ ਉਨ੍ਹਾਂ ਦੇ ਨਾਮ ਅਗਲੇ ਅੰਕ ਵਿੱਚ ਛਾਪੇ ਜਾਣਗੇ। ਆਪਣੇ ਵੇਰਵੇ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।



## ਆਸ

ਤਾਰਾ ਸਿੰਘ ਚੇੜਾ

ਐਵੇਂ ਨਾ ਉਜਾੜੀਂ ਬਹਿ ਕੇ,
ਇਕੱਲਾ ਮਨ ਰੁਆਇਆ ਕਰ।
ਬਹਾਰਾਂ ਦੇ ਆਸੀਂ ਲੱਗ ਕੇ,
ਆਪਣਾ ਮਨ ਰਿਝਾਇਆ ਕਰ।
ਚਾਰ-ਚੁਫੇਰੇ ਝੱਖੜ ਝੁੱਲੇ,
ਗਰਮ ਹਵਾਵਾਂ ਵਗੀਆਂ।
ਪੌਣ ਨੇ ਆ ਕੇ ਠੰਢਕ ਦੇਣੀ,
ਮਨ ਦੀ ਆਸ ਬਣਾਇਆ ਕਰ।
ਦਿਨ ਰਾਤਾਂ ਦੇ ਚੱਕਰ ਚੱਲਦੇ,
ਇਕਸਾਰ ਨਹੀਂ ਰਹਿੰਦੇ।
ਦਿਲ ਵਿੱਚ ਜਦ ਭਾਂਬੜ ਮਚਦੇ,
ਹੰਝੂ ਕੇਰ ਬੁਝਾਇਆ ਕਰ।
ਕੋਹਾਂ ਵਾਟਾਂ ਤੁਰ ਕੇ ਅੱਜ,
ਅਸੀਂ ਤੇਰੀ ਜੂਹ ਪੁੱਜੇ,
ਤੂੰ ਵੀ ਤਾਂ ਉੱਠ ਕੇ ਸੱਜਣਾ,
ਸਾਡੇ ਵੱਲ ਨੂੰ ਆਇਆ ਕਰ।
ਦੂਰ ਬੈਠਾ ਹੀ ਵਿਹੰਦਾ ਰਹਿਨਾ,
ਗੈਰਾਂ ਵਾਂਙੂੰ ਮੂੰਹ ਭੁਆ ਕੇ,
ਕਦੇ ਤਾਂ ਸੱਜਣਾ ਚੇਤੇ ਕਰ ਕੇ,
ਆਪਣਿਆਂ ਵਾਂਗ ਬੁਲਾਇਆ ਕਰ।

(ਲੇਖਕ ਦਾ ਪਛੋਕੜ ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਝਿੱਕਾ ਦਾ ਹੈ ਅਤੇ ਹੁਣ ਪਰਿਵਾਰ ਸਮੇਤ ਪੱਕੇ ਤੌਰ 'ਤੇ ਗੜ੍ਹਸ਼ੰਕਰ ਦੇ ਨੇੜੇ ਪਿੰਡ ਸਦਰਪੁਰ ਦਾ ਵਸਨੀਕ ਬਣ ਗਿਆ ਹੈ। ਆਪ ਨੇ ਹੁਣ ਤੱਕ 6 ਕਾਵਿ ਸੰਗ੍ਰਹਿਆਂ ਦੀ ਰਚਨਾ ਕੀਤੀ ਹੈ ਜਿਨ੍ਹਾਂ ਸਾਰਿਆਂ ਦਾ ਮੁੱਖ ਧੁਰਾ 'ਬਿਰਹਾ' ਹੈ। ਦੋ ਪੁਸਤਕਾਂ 11 ਨਵੰਬਰ 2018 ਨੂੰ ਰਿਲੀਜ਼ ਹੋਈਆਂ ਹਨ। ਲੇਖਕ ਨੂੰ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਵਧਾਈ ਹੋਵੇ।)

* * * * *

ਸੈਣੀ ਸੰਸਾਰ ਮੈਗਜ਼ੀਨ ਵਿੱਚ ਸਮਾਜ ਨੂੰ ਸਾਰਥਕ ਸੇਧ ਦੇਣ ਲਈ ਗਿਆਨਭਰਪੂਰ ਰੌਚਿਕ ਸਾਹਿਤਕ ਰਚਨਾਵਾਂ ਛਾਪੀਆਂ ਜਾਂਦੀਆਂ ਹਨ। ਇਸ ਲਈ ਬਰਾਦਰੀ ਦੇ ਲੇਖਕਾਂ ਨੂੰ ਆਪਣੀਆਂ ਰਚਨਾਵਾਂ ਮਾਰਚ, ਜੂਨ, ਸਤੰਬਰ ਅਤੇ ਦਸੰਬਰ ਦੀ 15 ਤਾਰੀਖ ਤੱਕ ਸੈਣੀ ਭਵਨ ਰੂਪਨਗਰ ਨੂੰ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।



# ਦਸੋ ! ਧੀ ਕਿੱਥੇ ਜਾਵੇ ?

ਇੰਜ. ਜਸਵੰਤ ਸਿੰਘ
ਜਲੰਧਰ
ਫੋਨ : 75892-64221

ਅੱਜ ਤੱਕ ਸਾਡਾ ਸਮਾਜ ਪੁਰਸ਼ ਪ੍ਰਧਾਨ ਰਿਹਾ ਹੈ ਅਤੇ ਇਸ ਦੀ ਪ੍ਰਧਾਨਗੀ ਨੂੰ ਅੱਜ ਵੀ ਕੋਈ ਸੱਟ ਨਹੀਂ ਮਾਰ ਰਿਹਾ ,ਬਲਕਿ ਸਵਾਲ ਤਾਂ ਇਹ ਹੈ ਕਿ ਧੀ ਦੀ ਹੋਂਦ ਨੂੰ ਸੱਟ ਮਾਰਨ ਤੇ ਸਮਾਜ ਕਿਉਂ ਤੁੱਲਿਆ ਹੋਇਆ ਹੈ ? ਸਮਾਜ ਦੀ ਆਪਣੀ ਹੋਂਦ ਮਰਦ ਅਤੇ ਔਰਤ ਦੇ ਆਪਸੀ ਰਿਸ਼ਤੇ 'ਤੇ ਅਧਾਰਤ ਹੈ । ਇਸ ਰਿਸ਼ਤੇ ਨੂੰ ਸਦੀਵੀ ਬਣਾਈ ਰੱਖਣ ਲਈ ਧੀ ਅਤੇ ਪੁੱਤਰ ਦੋਨਾਂ ਦਾ ਹੋਣਾ ਜ਼ਰੂਰੀ ਹੈ। ਔਰਤ ਦੇ ਜੀਵਨ ਦਾ ਸਫ਼ਰ ਧੀ ਤੋਂ ਹੀ ਸ਼ੁਰੂ ਹੁੰਦਾ ਹੈ ਅਤੇ ਇਸ ਨੂੰ ਜਗ-ਜਣਨੀ ਹੋਣ ਦਾ ਮਾਣ ਪ੍ਰਾਪਤ ਹੈ । ਫਿਰ ਵੀ ਧੀ ਨੂੰ ਮਾਂ ਦੀ ਕੁੱਖ ਵਿੱਚ ਖਤਮ ਕਰ ਦਿੱਤਾ ਜਾਂਦਾ ਹੈ। ਜੇ ਧੀ ਨੂੰ ਜਨਮ ਮਿਲਦਾ ਹੈ ਤਾਂ ਸਮਾਜਿਕ ਰੀਤੀ ਅਨੁਸਾਰ ਜਵਾਨ ਹੁੰਦਿਆਂ ਹੀ ਮਾਂ-ਬਾਪ ਦਾ ਘਰ ਛੱਡਣਾ ਪੈਂਦਾ ਹੈ ਅਤੇ ਉਹ ਸੌਹਰੇ ਘਰ ਵਸਦੀ ਹੈ ,ਪਰ ਮਾਨਸਿਕ ਤੌਰ 'ਤੇ ਧੀ ਆਪਣੇ ਆਪ ਨੂੰ ਮਾਂ -ਬਾਪ ਤੋਂ ਜੁਦਾ ਨਹੀਂ ਕਰ ਸਕਦੀ। ਧੀ ਸੌਹਰੇ ਘਰ ਨਿਮਰਤਾ ਦਾ ਚੋਲਾ ਪਾ ਕੇ ਸਾਰੇ ਪਰਿਵਾਰ ਦੀ ਸੇਵਾ ਕਰਦੀ ਹੈ, ਪਰ ਕੁੱਝ ਘਟਨਾਵਾਂ ਐਸੀਆਂ ਵੀ ਦੇਖਣ ਨੂੰ ਮਿਲਦੀਆਂ ਹਨ ਕਿ ਦਾਜ-ਦਹੇਜ ਲੈਣ ਦੇ ਲੋਭੀ ਘਰਾਨੇ ਕਿਸੇ ਨਾ ਕਿਸੇ ਬਹਾਨੇ ਲੜਕੀ ਤੇ ਝੂਠੇ ਇਲਜ਼ਾਮ ਲਗਾ ਕੇ ਤਲਾਕ ਦੇ ਛੱਡਦੇ ਹਨ ਜਾਂ ਫਿਰ ਲੜਕੀ ਨੂੰ ਜਲਾ ਕੇ ਜਾਂ ਕੁੱਟ-ਮਾਰ ਕੇ ਮੌਤ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਦੀਆਂ ਘਟਨਾਵਾਂ ਨੇ ਹਰ ਧੀ ਦੀ ਕੋਮਲ ਆਵਾਜ਼ ਨੂੰ ਇਕ ਦਰਦਨਾਕ ਸਵਾਲ ਵਿੱਚ ਬਦਲ ਦਿੱਤਾ ਹੈ ਕਿ :

ਮਾਪਿਆਂ ਦੇ ਘਰ ਧੀ ਬੇਗਾਨੀ
ਘਰ ਸੌਹਰੇ ਪੈਰ ਟਿਕਾਵੇ ।
ਜੇ ਸੌਹਰੇ ਘਰ ਤਸੀਹੇ ਝੱਲਣੇ
ਦੱਸੋ ! ਧੀ ਕਿੱਥੇ ਫਿਰ ਜਾਵੇ ।

ਇਨ੍ਹਾਂ ਦੋ ਸਤਰਾਂ ਵਿੱਚ ਜੁੜ ਬੈਠਾ ਇਕ-ਇਕ ਸ਼ਬਦ ਇਕ ਐਸਾ ਸਵਾਲ ਹੈ ਜਿਸ ਦਾ ਉੱਤਰ ਸਮਾਜ ਨੇ ਦੇਣਾ ਹੀ ਹੋਵੇਗਾ। ਜੇਕਰ ਧੀ ਜਨਮ ਲੈਣ ਤੋਂ ਪਹਿਲਾਂ ਹੀ ਮਾਂ ਦੀ ਕੁੱਖ ਵਿੱਚ ਭਰੂਣ ਹੱਤਿਆ ਦਾ ਸ਼ਿਕਾਰ ਹੁੰਦੀ ਰਹੀ ਅਤੇ ਜਨਮ ਲੈਣ ਤੋਂ ਬਾਅਦ ਉਸ ਦੀ ਜਵਾਨੀ ਵੀ ਤਸੀਹੇ ਝੱਲਦੀ ਹੋਈ ਸੜਦੀ-ਮਰਦੀ ਰਹੀ ਤਾਂ ਔਰਤਾਂ ਦੀ ਸੰਖਿਆ ਮਰਦਾਂ ਦੇ ਮੁਕਾਬਲੇ ਕਾਫੀ ਘੱਟ ਜਾਵੇਗੀ ਜਿਸ ਦੇ ਫਲਸਰੂਪ ਸਮਾਜ ਅਨੇਕਾਂ ਸਮਾਜਿਕ ਸ਼ਰਮਨਾਕ ਸਮੱਸਿਆਵਾਂ ਵਿੱਚ ਉਲਝ ਜਾਵੇਗਾ।

ਗੁਰਮਤਿ ਫਿਲਾਸਫੀ ਅਨੁਸਾਰ ਮਾਤਾ-ਪਿਤਾ, ਇਸਤਰੀ , ਪੁੱਤਰ , ਮਿੱਤਰ ਅਤੇ ਭਾਈ ਆਦਿ ਸਭ ਸਾਕ-ਅੰਗ ਪਿਛਲੇ ਜਨਮਾਂ ਦੇ ਸੰਜੋਗ ਕਰਕੇ ਹੀ ਮਿਲਦੇ ਹਨ।ਗੁਰੂ ਅਰਜਨ ਦੇਵ ਜੀ ਆਪਣੀ ਇਲਾਹੀ ਬਾਣੀ ਵਿੱਚ ਫੁਰਮਾਉਂਦੇ ਹਨ ਕਿ:

ਮਾਤਾ ਪਿਤਾ ਬਨਿਤਾ ਸੁਤ ਬੰਧਪ
ਇਸਟ ਮੀਤ ਅਰੁ ਭਾਈ ॥
ਪੂਰਬ ਜਨਮ ਕੇ ਮਿਲੇ ਸੰਜੋਗੀ
ਅੰਤਹਿ ਕੋ ਨ ਸਹਾਈ ॥

ਧੀ ਜਾਂ ਪੁੱਤਰ ਹੋਣਾ, ਇਹ ਪ੍ਰਮਾਤਮਾ ਦੀ ਦੇਣ ਹੈ ਅਤੇ ਇਸ ਵਿੱਚ ਮਨੁੱਖ ਦਾ ਆਪਣੇ ਵਲੋਂ ਦਖਲ ਦੇਣਾ, ਕੁਦਰਤ ਦਾ ਕੇਵਲ ਵਿਰੋਧ ਹੀ ਨਹੀਂ ਸਗੋਂ ਇੱਕ ਘੋਰ ਅਪਰਾਧ ਵੀ ਹੈ। ਪੁੱਤਰ, ਮਾਂ-ਬਾਪ ਦੀ ਜਾਇਦਾਦ ਵੰਡਦੇ ਹਨ, ਜਦਕਿ ਧੀਆਂ ਮਾਂ -ਬਾਪ ਦਾ ਦੁੱਖ ਵੰਡਦੀਆਂ ਹਨ, ਫਿਰ ਵੀ ਸਾਡੇ ਸਮਾਜ ਵਿੱਚ ਲੜਕੀ ਦੇ ਜਨਮ ਨੂੰ ਮੰਦੇ ਭਾਗਾਂ ਨਾਲ ਜੋੜਿਆਂ ਜਾਂਦਾ ਹੈ ਅਤੇ ਧੀ ਦੇ ਜਨਮ ਤੇ ਮਾਂ-ਬਾਪ ਨੂੰ ਉਹ ਖੁਸ਼ੀ ਨਹੀ ਹੁੰਦੀ ਜੋ ਲੜਕੇ ਦੇ ਜਨਮ ਤੇ ਮਨਾਈ ਜਾਂਦੀ ਹੈ। ਮਨੁੱਖ ਦੇ ਅਧਿਆਤਮਕ ਜੀਵਨ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਅਧਿਆਤਮਕ ਮਾਰਗ 'ਤੇ ਚੱਲਣ ਲਈ ਜੀਵ ਵਿੱਚ ਜਿਨ੍ਹਾਂ ਗੁਣਾਂ ਦੀ ਲੋੜ ਹੈ, ਉਹ ਔਰਤ ਵਿੱਚ ਵਧੇਰੇ ਪਾਏ ਜਾਂਦੇ ਹਨ ਅਤੇ ਇਸੇ ਲਈ ਔਰਤ ਨੂੰ ਬਾਣੀ ਵਿੱਚ ਬੱਤੀ ਸੁਲੱਖਣੀ ਕਹਿ ਕੇ ਸਤਿਕਾਰਿਆ ਗਿਆ ਹੈ। ਮਹਾਨ ਕੋਸ਼ ਵਿੱਚ ਇਸਤਰੀ ਦੇ 32 ਗੁਣਾਂ ਬਾਰੇ ਵਿਸਥਾਰ ਨਾਲ ਉਲੇਖ ਕੀਤਾ ਗਿਆ ਹੈ।

ਧੀ ਦੇ ਜੀਵਨ ਦਾ ਆਖਰੀ ਪੜਾਅ ਮਾਂ ਦੇ ਰੂਪ ਵਿੱਚ ਵਿਚਰਦਾ ਹੈ ਜਦ ਉਹ ਬੱਚੇ ਨੂੰ ਜਨਮ ਦਿੰਦੀ ਹੈ। ਧੀ, ਮਾਂ ਦੇ ਰੂਪ ਵਿੱਚ ਆਪਣਾ ਜੀਵਨ ਸਫਰ ਪੂਰਾ ਕਰਕੇ ਸੰਸਾਰ ਨੂੰ ਛੱਡਦੀ ਹੈ ਤਾਂ ਉਸ ਦੀ ਕਾਇਆ ਮਿੱਟੀ ਬਣ ਕੇ ਧਰਤੀ ਵਿੱਚ ਸਮੋ ਜਾਂਦੀ ਹੈ। ਇਸੇ ਕਰਕੇ ਧਰਤੀ-ਮਾਂ ਹੋਣ ਦਾ ਮਾਣ ਪ੍ਰਾਪਤ ਹੈ। ਧਰਤੀ-ਮਾਂ ਦੀ ਮਹੱਤਤਾ ਨੂੰ ਬਾਣੀ ਵਿੱਚ ਵੀ ਦਰਸਾਇਆ ਗਿਆ ਹੈ ਕਿ- “ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।” ਜਿਸ ਧੀ ਨੇ ਮਾਂ ਦੇ ਰੂਪ ਵਿੱਚ ਮਾਨਵਤਾ ਨੂੰ ਜਨਮ ਦਿੱਤਾ, ਉਹ ਧੀ ਮਰਨ ਬਾਅਦ ਵੀ ਧਰਤੀ-ਮਾਂ ਦੇ ਰੂਪ ਵਿੱਚ ਸਾਡੇ ਖਾਣ-ਪੀਣ ਅਤੇ ਰਹਿਣ-ਸਹਿਣ ਲਈ ਪਦਾਰਥ ਪੈਦਾ ਕਰਦੀ ਹੈ। ਇਸ ਲਈ ਧੀ ਦਾ ਆਪਣੇ ਜੀਵਨ ਕਾਲ ਵਿੱਚ ਵੱਖ-ਵੱਖ ਸਮਾਜਿਕ ਰਿਸ਼ਤਿਆਂ ਅਨੁਸਾਰ ਇੱਕ ਵਿਸ਼ੇਸ਼ ਸਥਾਨ ਹੈ ਜਿਸ ਦੀ ਸਮਾਜ ਨੇ ਸ਼ੁਰੂ ਤੋਂ ਅਣਦੇਖੀ ਕੀਤੀ ਹੈ ।ਔਰਤ ਦੇ ਸਮਾਜਿਕ ਜੀਵਨ ਵਿੱਚ ਭਾਵੇਂ ਅੱਜ ਕਾਫੀ ਬਦਲਾਓ ਆਇਆ ਹੈ , ਫਿਰ ਵੀ ਸਮਾਜ ਵਿੱਚ ਔਰਤਾਂ ਨੂੰ ਯੋਗ ਸਥਾਨ ਦੇਣ ਲਈ ਜ਼ਰੂਰੀ ਹੈ ਕਿ ਔਰਤ ਦੀ ਯੋਗਤਾ ਨੂੰ ਹੋਰ ਅਸਰਦਾਰ ਅਤੇ ਸਾਰਥਿਕ ਬਣਾਇਆ ਜਾਵੇ । ਇਸ ਮੰਤਵ ਨੂੰ ਪੂਰਾ ਕਰਨ ਲਈ ਧੀਆਂ

ਨੂੰ ਉੱਚੀ ਵਿੱਦਿਆ ਦੇਣ ਦੇ ਨਾਲ -ਨਾਲ , ਸਾਰੇ ਬੱਚਿਆਂ ਲਈ ਵਿੱਦਿਆ ਲਾਜ਼ਮੀ ਕਰਨੀ ਜ਼ਰੂਰੀ ਹੈ ,ਕਿਉਂਕਿ ਇਕ ਪੜ੍ਹੀ ਲਿਖੀ ਔਰਤ ਹੀ ਬੱਚਿਆਂ ਦੇ ਜੀਵਨ ਨੂੰ ਸਹੀ ਅਤੇ ਚੰਗੀ ਦਿਸ਼ਾ ਦੇ ਸਕਦੀ ਹੈ । ਐਸਾ ਕਰਕੇ ਹੀ ਅਸੀਂ ਇਕ ਨਿੱਗਰ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ ਜੋ ਸਮੇਂ ਦੀ ਲੋੜ ਹੈ ।

ਜੇ ਧੀ ਨਾ ਹੁੰਦੀ -ਤਾਂ ਮਾਂ ਨਾ ਹੁੰਦੀ ।
ਜੇ ਮਾਂ ਨਾ ਹੁੰਦੀ - ਤਾਂ ਠੰਡੀ ਛਾਂ ਨਾ ਹੁੰਦੀ ।

* * * * *

## ਮਨੁੱਖੀ ਕ੍ਰਿਸ਼ਮੇ

- ਅਮਰੀਕਾ ਦੀ ਪੁਲਾੜੀ ਸੰਸਥਾ, ਨਾਸਾ ਨੇ ਡੇਢ ਅਰਬ ਡਾਲਰ ਦੀ ਲਾਗਤ ਨਾਲ ਤਿਆਰ ਕੀਤਾ ਅਜਿਹਾ ਰਾਕਟ ਪੁਲਾੜ ਵਿੱਚ ਭੇਜਿਆ ਹੈ ਜੋ ਆਪਣੇ ਸੱਤ ਸਾਲਾਂ ਦੇ ਸਫਰ ਦੌਰਾਨ ਸੂਰਜ ਦੇ ਸਭ ਤੋਂ ਲਾਗੇ ਢੁਕ ਕੇ ਇਸ ਦੀ ਤਪਸ਼ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰੇਗਾ। ਕਾਰ ਦੇ ਆਕਾਰ ਜਿੱਡਾ ' **ਪਾਰਕਰ ਸੋਲਰ ਪਰੋਬ**' ਧਰਤੀ ਤੋਂ 38 ਲੱਖ ਮੀਲ ਦੂਰ ਸੂਰਜ ਦੇ ਵਾਤਾਵਰਨ ਵਿੱਚ ਸਿੱਧਾ ਵਿਚਰਦਿਆਂ ਇਸ ਨੂੰ ਛੋਹ ਕੇ ਦੇਖਣ ਦਾ ਆਪਣਾ ਸੁਪਨਾ ਪੂਰਾ ਕਰੇਗਾ।
- ਅਮਰੀਕਾ ਵਲੋਂ ਛੇ ਮਹੀਨੇ ਪਹਿਲਾਂ ਪੁਲਾੜ ਵਿੱਚ ਭੇਜਿਆ ਰੋਬੋਟਿਕ '**ਇਨਸਾਈਟ ਲੈਂਡਰ**' ਮੰਗਲ ਗ੍ਰਹਿ ਦੀ ਸਤਹਿ 'ਤੇ ਉੱਤਰ ਗਿਆ ਹੈ ਜਿੱਥੇ ਇਹ ਇਸ ਗ੍ਰਹਿ ਦੀ ਪਥਰੀਲੀ ਧਰਤੀ ਤੇ ਵਾਤਾਵਰਨ ਦੇ ਰਹੱਸਾਂ ਦਾ ਅਧਿਐਨ ਕਰੇਗਾ। ਇਸ ਨਾਲ ਚੰਦਰਮਾ ਅਤੇ ਫਿਰ ਮੰਗਲ ਗ੍ਰਹਿ 'ਤੇ ਪੁਲਾੜ ਵਿਗਿਆਨੀ ਭੇਜਣ ਵਿੱਚ ਮਦਦ ਮਿਲੇਗੀ।
- ਚੀਨ ਨੇ ਆਪਣੇ ਸ਼ਹਿਰ ਮਕਾਓ ਨੂੰ ਹਾਂਗਕਾਂਗ ਨਾਲ ਜੋੜਨ ਵਾਲਾ **ਸੰਸਾਰ ਦਾ ਸਭ ਤੋਂ ਲੰਮਾ ਸਮੁੰਦਰੀ ਪੁਲ** ਬਣਾਇਆ ਹੈ। ਇਹ ਪੁਲ 55 ਕਿਲੋਮੀਟਰ ਲੰਮਾ ਹੈ ਜੋ 20 ਅਰਬ ਅਮਰੀਕੀ ਡਾਲਰ ਨਾਲ ਨੌਂ ਸਾਲਾਂ ਵਿੱਚ ਤਿਆਰ ਹੋਇਆ ਹੈ। ਇਹ ਪੁਲ ਪਰਲ ਨਦੀ ਉਪਰੋਂ ਲੰਘਦੇ ਸੜਕੀ ਪੁਲ ਨੂੰ ਪਾਣੀ ਥੱਲੇ ਬਣੀ ਸੁਰੰਗ ਨਾਲ ਜੋੜੇਗਾ ਜਿਸ ਨਾਲ ਤਿੰਨ ਘੰਟੇ ਸਾ ਸਫਰ ਅੱਧੇ ਘੰਟੇ ਦਾ ਰਹਿ ਜਾਵੇਗਾ।
- ਚੀਨ ਨੇ ਆਪਣੇ ਸੂਬੇ ਗਾਂਸੂ ਦੀ ਰਾਜਧਾਨੀ ਲਾਂਜ਼ੂ ਨੂੰ ਇਸਲਾਮਾਬਾਦ ਨਾਲ ਜੋੜਨ ਲਈ ਇੱਕ ਨਵੀਂ **ਰੇਲ ਤੇ ਸੜਕੀ ਕਾਰਗੋ** ਸ਼ੁਰੂ ਕੀਤੀ ਹੈ। ਸਾਮਾਨ, ਗਾਂਸੂ ਤੋਂ ਕਾਸ਼ਗਰ ਤੱਕ ਰੇਲ ਗੱਡੀ ਰਾਹੀਂ ਅਤੇ ਇਸ ਤੋਂ ਅੱਗੇ ਸ਼ਾਹ ਰਾਹ ਰਾਹੀਂ ਇਸਲਾਮਾਬਾਦ ਪੁੱਜੇਗਾ। ਹੁਣ ਇਸ 45 ਹਜ਼ਾਰ ਕਿਲੋਮੀਟਰ ਲੰਮੇ ਫਾਸਲੇ ਨੂੰ ਕੇਵਲ 13 ਦਿਨ ਦਾ ਸਮਾਂ ਲੱਗੇਗਾ ਜਦੋਂ ਕਿ ਪਹਿਲਾਂ ਰਵਾਇਤੀ ਸਮੁੰਦਰੀ ਰਸਤੇ ਰਾਹੀਂ 28 ਦਿਨ ਲਗਦੇ ਸਨ। ਇਸ ਨਾਲ ਦੱਖਣੀ ਏਸ਼ੀਆ ਦੇ ਮੁਲਕਾਂ ਨਾਲ ਚੀਨ ਦਾ ਵਪਾਰ ਬਹੁਤ ਵਧ ਜਾਏਗਾ।
- ਅਫਰੀਕਾ ਮਹਾਂਦੀਪ ਦੇ ਦੇਸ਼ਾਂ-ਅਲਜੀਰੀਆ, ਚੈਡ, ਮਿਸਰ, ਲਿਬੀਆ, ਮਾਲੀ, ਮੋਰੋਕੋ, ਮੌਰੀਟੇਨੀਆ, ਨਾਈਜਰ, ਸੂਡਾਨ ਅਤੇ ਟੂਨੇਸੀਆ ਦੇ 9 ਮਿਲੀਅਨ ਵਰਗ ਕਿਲੋਮੀਟਰ ਵਿੱਚ ਫੈਲਿਆ ਵਿਸ਼ਾਲ ਪਠਾਰੀ ਤੇ ਰੇਗਿਸਤਾਨੀ ਇਲਾਕਾ ਹੈ ਜਿਸ ਨੂੰ **ਸਹਾਰਾ ਮਾਰੂਥਲ** ਕਿਹਾ ਜਾਂਦਾ ਹੈ। ਇਹ ਪੂਰਬ ਵਿੱਚ ਲਾਲ ਸਾਗਰ, ਉੱਤਰ ਵਿੱਚ ਭੂਮੱਧ ਸਾਗਰ, ਪੱਛਮ ਵਿੱਚ ਐਟਲਾਂਟਿਕ ਮਹਾਂਸਾਗਰ ਅਤੇ ਦੱਖਣ ਵਿੱਚ ਸਹੇਲ ਵਿਚਕਾਰ ਘਿਰਿਆ ਹੋਇਆ ਹੈ। ਇੱਥੇ ਬਹੁਤ ਘੱਟ ਮੀਂਹ ਪੈਂਦਾ ਹੈ ਜਿਸ ਕਾਰਨ ਅਤਿ ਦਾ ਗਰਮ ਅਤੇ ਬੰਜਰ ਹੈ। ਇਸ ਮਾਰੂਥਲ ਦੇ ਮਾਰੂ ਪ੍ਰਭਾਵਾਂ ਨੂੰ ਘੱਟ ਕਰਨ ਲਈ ਅਫਰੀਕਾ ਵਿੱਚ 8000 ਕਿਲੋਮੀਟਰ ਲੰਮੀ ਇੱਕ ਕੁਦਰਤੀ ਹਰੀ ਭਰੀ ਜ਼ਮੀਨੀ ਪੱਟੀ ਬਣਾਉਣ ਦੀ ਯੋਜਨਾ ਹੈ ਜਿਸ ਨੂੰ **ਗਰੇਟ ਗਰੀਨ ਵਾਲ**( ਮਹਾਨ ਹਰੀ ਕੰਧ) ਕਿਹਾ ਜਾਂਦਾ ਹੈ। ਜਦੋਂ ਇਹ ਪੂਰੀ ਹੋ ਗਈ ਤਾਂ ਇਹ **ਧਰਤੀ 'ਤੇ ਸਭ ਤੋਂ ਵੱਡਾ ਜੀਵਿਤ ਢਾਂਚਾ**, ਗਰੇਟ ਬੈਰੀਅਰ ਰੀਫ ਤੋਂ ਤਿੰਨ ਗੁਣਾ ਵੱਡਾ ਹੋਵੇਗਾ।

* * * * *



## ਅੰਮ੍ਰਿਤ ਵੇਲਾ

ਡਾ. ਜਸਵੰਤ ਕੌਰ ਸੈਣੀ

ਅੰਮ੍ਰਿਤ ਵੇਲੇ ਹੁਣ ਪੌਣ ਵਿੱਚ ਬਾਣੀ ਨਹੀਂ
ਸ਼ੋਰ ਘੁਲਦਾ ਹੈ।
ਪਪੀਹਾ ਹੁਣ ਅੰਮ੍ਰਿਤ ਵੇਲੇ ਬੋਲਦਾ ਨਹੀਂ ਸੁਣਦਾ
ਸਪੀਕਰਾਂ ਦੇ ਉਚੇ ਕੰਨ-ਪਾੜਵੇਂ ਸ਼ੋਰ ਵਿੱਚ
ਹੁਣ ਤਾਂ ਸ਼ੋਰ ਦਾ ਸ਼ੋਰ ਨਾਲ ਟਕਰਾਅ ਹੈ
ਮੁਕਾਬਲਾ ਹੈ, ਟੱਲ ਅਤੇ ਘੜਿਆਲ ਦਾ, ਸ਼ੰਖ ਦਾ
ਕਿਰਪਾਨ ਅਤੇ ਤ੍ਰਿਸ਼ੂਲ ਦਾ
ਜਾਂ ਮੁੱਲਾਂ ਦੀ ਬਾਂਗ ਦਾ
ਦੇਖਦੇ ਹਨ ਕੌਣ ਹੈ ਚਿੰਘਾੜਦਾ
ਵੱਧ ਉੱਚੀ ਆਵਾਜ਼ ਵਿੱਚ
ਭਗਤ ਕਬੀਰ ਦਾ ਕਹਿਆ ਹੋ ਗਿਆ ਹੈ ਕਿਤੇ ਅਲੋਪ

ਹੱਡਬੀਤੀ

# ਬੀਬਾ ਸਾਊ

ਤਰਲੋਚਨ ਸਿੰਘ ਸੈਣੀ (ਦੁਪਾਲਪੁਰ)
ਜ਼ਿਲ੍ਹਾ ਐੱਸ.ਬੀ.ਐੱਸ. ਨਗਰ



ਸੰਨ ਅੱਸੀ ਦੇ ਜਨਵਰੀ-ਫਰਵਰੀ ਦੀ ਗੱਲ ਹੈ। ਵੱਡੇ ਬੇਟੇ ਦਾ ਜਨਮ, ਰਵਾਇਤ ਮੁਤਾਬਿਕ, ਨਾਨਕੇ ਘਰ ਹੋਇਆ। ਉਨ੍ਹੀਂ ਦਿਨੀਂ ਮੇਰੇ ਸਹੁਰਾ ਸਾਹਿਬ ਨਹਿਰੀ ਵਿਭਾਗ ਵਿਚ ਸਨ ਤੇ ਉਨ੍ਹਾਂ ਦੀ ਰਿਹਾਇਸ਼ ਗੜ੍ਹਸ਼ੰਕਰ (ਜ਼ਿਲ੍ਹਾ ਹੁਸ਼ਿਆਰਪੁਰ) ਸੀ। ਨਵ-ਜਨਮੇ ਬਾਲ ਦੇ ਚਾਅ ਵਿੱਚ ਮੇਰਾ ਤਾਂ ਸਹੁਰੇ ਘਰ ਕੌਡੀ-ਫੇਰਾ ਰਹਿੰਦਾ ਹੀ ਸੀ, ਰਿਵਾਜ ਮੁਤਾਬਿਕ ਮੇਰੀ ਪਤਨੀ ਲਈ ਮਿੱਠਾ-ਥਿੰਧਾ, ਕੱਪੜੇ-ਲੱਤੇ ਵਗ਼ੈਰਾ ਘਰਦਿਆਂ ਨੇ ਲੈ ਕੇ ਜਾਣਾ ਸੀ। ਜੇਠੇ ਭਤੀਜੇ ਲਈ ਕੱਪੜੇ ਤੇ ਖਿਡੌਣੇ ਮੇਰੀਆਂ ਭੈਣਾਂ ਖਰੀਦ ਲਿਆਈਆਂ ਤੇ ਘਿਓ-ਦੁੱਧ ਘਰ ਦਾ ਹੋਣ ਕਾਰਨ ਪੰਜੀਰੀ ਘਰੇ ਤਿਆਰ ਕਰ ਲਈ। ਇੱਕ ਦਿਨ ਸੋਹਣੀ ਧੁੱਪ ਨਿਕਲੀ ਹੋਣ ਕਰਕੇ ਭਾਈਆ ਜੀ ਨੇ ਗੜ੍ਹਸ਼ੰਕਰ ਜਾਣ ਦਾ ਵਿਚਾਰ ਬਣਾ ਲਿਆ ਅਤੇ ਆਪਣਾ ਸਾਈਕਲ ਤਿਆਰ ਕਰ ਲਿਆ। ਇੱਕ ਝੋਲੇ ਵਿੱਚ ਪੰਜੀਰੀ ਵਾਲਾ ਗੜਵਾ ਅਤੇ ਦੂਜੇ ਵਿੱਚ ਸੂਟ-ਸਾਟ ਪਾ ਲਏ। ਦੋਵੇਂ ਝੋਲੇ ਹੈਂਡਲ ਦੇ ਸੱਜੇ-ਖੱਬੇ ਮਜ਼ਬੂਤੀ ਨਾਲ ਬੰਨ ਲਏ। ਖੱਦਰ ਦੇ ਪਰਨੇ ਨੂੰ ਚੌਫਲਾ ਕਰਕੇ ਸੇਬਿਆਂ ਨਾਲ ਕੈਰੀਅਰ 'ਤੇ ਬੰਨ੍ਹ ਕੇ ਬੀਬੀ ਲਈ 'ਅਰਾਮਦਾਇਕ ਸੀਟ' ਵੀ ਬਣਾ ਲਈ।

ਚਾਈਂ ਚਾਈਂ ਇਹ ਦੋਵੇਂ ਪਿੰਡੋਂ ਬਾਹਰ ਨਿੱਕਲ ਕੇ ਉੱਥੇ ਜਾ ਪਹੁੰਚੇ, ਜਿੱਥੋਂ ਭਾਈਆ ਜੀ ਨੇ ਬੀਬੀ ਜੀ ਨੂੰ ਪਿੱਛੇ ਬਹਾ ਕੇ ਸਾਈਕਲ 'ਤੇ ਸਵਾਰ ਹੋਣਾ ਸੀ। ਸਾਡੇ ਪਿੰਡੋਂ ਚਾਰ ਕੁ ਮੀਲ ਦੂਰ ਜਾਡਲੇ ਜਾਣ ਲਈ ਬਿਸਤ ਦੁਆਬ ਨਹਿਰ ਤੱਕ ਮੀਲ ਕੁ ਦਾ ਰਾਹ ਚੜ੍ਹਾਈ ਵਾਲਾ ਹੈ। ਚੜ੍ਹਾਈ ਤੋਂ ਰਤਾ ਘਬਰਾਉਂਦਿਆਂ ਉਨ੍ਹਾਂ ਇਸ ਆਸ ਵਿੱਚ ਪਿੰਡੋਂ ਆਉਂਦੇ ਰਾਹ ਵੱਲ ਨਜ਼ਰ ਦੁੜਾਈ ਕਿ ਸ਼ਾਇਦ ਕੋਈ 'ਕੱਲਾ-ਦੁਕੱਲਾ' ਸਾਈਕਲ ਵਾਲਾ ਆਉਂਦਾ ਹੋਵੇ ਤਾਂ ਨਹਿਰ ਤੱਕ ਉਹਦੇ ਪਿੱਛੇ ਆਪਣੀ ਸਵਾਰੀ ਬਹਾ ਦਿਆਂ। ਪਿੰਡ ਵੱਲੋਂ ਸਾਈਕਲ 'ਤੇ ਸ਼ੂਟ ਵੱਟੀ ਆਉਂਦੇ ਗੱਭਰੂ ਨੂੰ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਚਮਕ ਪਈਆਂ। ਪਿੰਡੋਂ ਆ ਰਿਹਾ ਇਹ ਮੁੰਡਾ ਸਾਡੇ ਪਿੰਡ ਦੇ ਬੀਬੇ ਸਾਊਆਂ ਵਿੱਚੋਂ ਇੱਕ ਸੀ।

"ਕਾਕਾ ਤੈਂ ਜਾਡਲੇ ਵੱਲ ਹੀ ਜਾਣਾ ਹੋਣੈ?" ਸਤਿਬਚਨੀ ਸੁਭਾਅ ਵਾਲਾ ਲਛਮਣ ਸਿੰਘ ਖੌਰੇ ਨਹਿਰ ਕੋਲ ਆਪਣੇ ਖੇਤਾਂ ਵੱਲ ਗੇੜਾ ਮਾਰਨ ਹੀ ਚੱਲਿਆ ਸੀ, ਜਾਂ ਸੱਚਮੁੱਚ ਉਹਨੇ ਜਾਡਲੇ ਜਾਣਾ ਸੀ, ਉਹਨੇ ਝੱਟ 'ਹਾਂ ਜੀ! ਤਾਇਆ ਜੀ' ਆਖ ਦਿੱਤਾ ਤੇ ਬੀਬੀ ਨੂੰ ਆਪਣੇ ਸਾਈਕਲ ਪਿੱਛੇ ਬਿਠਾ ਲਿਆ। ਆਪਣੇ ਖੇਤਾਂ ਕੋਲੋਂ ਉਹ ਚੁੱਪ ਕਰ ਕੇ ਲੰਘ ਗਿਆ। ਇਹਦਾ ਮਤਲਬ, ਉਸ ਨੇ ਕੋਈ ਸੌਦਾ-ਪੱਤਾ ਲੈਣ ਜਾਡਲੇ ਹੀ ਜਾਣਾ ਹੋਵੇਗਾ। ਭਾਈਆ ਜੀ ਨੇ ਸੋਚਿਆ। ਪਰ ਚਾਰ ਮੀਲ ਸਾਈਕਲ ਚਲਾਉਂਦੇ ਜਦੋਂ ਇਹ ਜਾਡਲੇ ਵਾਲੀ ਨਹਿਰ ਦੇ ਪੁਲ 'ਤੇ ਪਹੁੰਚੇ ਤਾਂ ਬੀਬੀ ਨੂੰ ਸਾਈਕਲ ਤੋਂ ਉਤਾਰ ਕੇ ਜਾਡਲੇ ਸ਼ਹਿਰ ਵੱਲ ਜਾਣ ਦੀ ਬਜਾਏ ਲਛਮਣ ਸਿੰਘ ਨੇ ਸਾਈਕਲ ਨਹਿਰੇ, ਭਾਵ ਗੜ੍ਹਸ਼ੰਕਰ ਵੱਲ ਸਿੱਧਾ ਕਰ ਲਿਆ।

"ਕਾਕਾ ਹੁਣ ਤੂੰ ਜਾਹ ਜਿੱਥੇ ਜਾਣਾ, ਅਸੀਂ ਆਪੇ ਈ ਪਟੜੀਉ-ਪਟੜੀ ਸਿੱਧੇ ਰਾਹ ਗੜ੍ਹਸ਼ੰਕਰ ਚਲੇ ਜਾਣਾ।" ਪਰ ਉਹ 'ਕੋਈ ਨਾ ਤਾਇਆ ਜੀ...ਆ ਜੋ ਤੁਸੀਂ' ਕਹਿੰਦਿਆਂ ਸਾਈਕਲ ਦੱਬੀ ਗਿਆ। ਭਾਈਆ ਜੀ ਨੇ ਉਹਦੇ ਨੇੜੇ ਜਿਹੇ ਹੋ ਕੇ ਫਿਰ ਕਿਹਾ, ਪਰ ਉਹ 'ਕੋਈ ਨੀ, ਕੋਈ ਨੀ' ਕਰਦਾ ਤੁਰਿਆ ਰਿਹਾ। ਬਾਪੂ ਨੇ ਕਿਆਸ ਲਾਇਆ ਕਿ ਇੱਥੋਂ ਸੱਤ ਕੁ ਮੀਲ ਅੱਗੇ ਜਾ ਕੇ ਨਹਿਰ ਤੋਂ ਡੇਢ ਕੁ ਮੀਲ ਹਟਵਾਂ ਪਿੰਡ ਸਿੰਬਲੀ ਹੈ, ਉੱਥੇ ਇਨ੍ਹਾਂ ਦੀ ਖ਼ਾਸ ਰਿਸ਼ਤੇਦਾਰੀ ਹੈ; ਹੋਵੇ ਨਾ ਤਾਂ ਇਸ ਨੇ ਆਪਣੀ ਰਿਸ਼ਤੇਦਾਰਾਂ ਦੇ ਜਾਣਾ ਹੋਵੇ। ਦੂਜੇ ਹੀ ਪਲ ਖ਼ਿਆਲ ਆਇਆ ਕਿ ਇਹਦੇ ਤਨ ਦੇ ਕੱਪੜੇ ਤਾਂ ਸਾਧਾਰਨ ਹਨ, ਪਰ ਜਦੋਂ ਉਹ ਸਿੰਬਲੀ ਵਾਲਾ ਪੁੱਲ ਵੀ ਟੱਪ ਗਿਆ ਤਾਂ ਬਜ਼ੁਰਗਾਂ ਨੂੰ ਅਚੰਭਾ ਹੋਇਆ ਕਿ ਆਖ਼ਰ ਇਸ ਨੇ ਜਾਣਾ ਕਿੱਥੇ ਹੋਵੇਗਾ?

ਪਿੰਡੋਂ ਵੀਹ-ਬਾਈ ਕਿਲੋਮੀਟਰ ਸਾਈਕਲ ਚਲਾਉਂਦਾ ਉਹ ਧੁਰ ਗੜ੍ਹਸ਼ੰਕਰ ਦੇ ਪੁੱਲ ਉੱਤੇ ਜਾ ਪਹੁੰਚਿਆ। ਚੱਲਣ ਲੱਗਿਆਂ ਉਹਨੇ ਪੁੱਛ ਜੁ ਲਿਆ ਸੀ ਕਿ ਜਾ ਕਿੱਥੇ ਰਹੇ ਨੇ।

ਜਦ ਕਿਤੇ ਸਲੱਗ ਧੀਆਂ-ਪੁੱਤਾਂ ਦੀ ਗੱਲ ਚੱਲਣੀ ਤਾਂ ਭਾਈਆ ਜੀ ਨੇ ਆਪਣੀ ਇਸ ਹੱਡ-ਬੀਤੀ ਦੇ ਅੰਤਲੇ ਭਾਗ ਵਿੱਚ ਲਛਮਣ ਸਿੰਘ ਵੱਲੋਂ ਕੀਤੇ ਇੱਕ ਹੋਰ ਪਰਉਪਕਾਰ ਬਾਰੇ ਦੱਸਣਾ: ਗੜ੍ਹਸ਼ੰਕਰ ਵਾਲੇ ਪੁਲ ਦੇ ਲਹਿੰਦੇ ਪਾਸੇ ਨਾਲ ਹੀ ਨਹਿਰ ਕਲੋਨੀ ਹੈ, ਜਿੱਥੇ ਸਾਡੇ ਕੁੜਮ ਰਹਿੰਦੇ ਸਨ, ਤੇ ਚੜ੍ਹਦੇ ਪਾਸੇ ਅੱਧੇ ਕੁ ਮੀਲ 'ਤੇ ਸ਼ਹਿਰ ਦਾ ਬਾਜ਼ਾਰ। ਮੈਂ ਉਹਨੂੰ ਕਿਹਾ-'ਕਾਕਾ ਤੂੰ ਇੱਥੇ ਰਤਾ ਰੁੱਕ, ਮੈਂ ਕੋਈ ਫਲ-ਫਰੂਟ ਲੈ ਆਵਾਂ, ਅਸੀਂ ਅੱਜ ਸ਼ਗਨਾਂ ਨਾਲ ਨਵੇਂ ਨਵੇਂ ਕੁੜਮਾਂ ਦੇ ਜਾ ਰਹੇ ਹਾਂ'। ਇਹ ਸੁਣਦਿਆਂ ਉਹਨੇ ਸਾਈਕਲ ਚੁੱਕਿਆ, ਮੇਰੇ ਮਨ੍ਹਾ ਕਰਦੇ ਕਰਦੇ ਸ਼ਹਿਰ ਨੂੰ ਭੱਜ ਗਿਆ ਅਤੇ ਮਿੰਟਾਂ ਵਿੱਚ ਹੀ ਕੇਲਿਆਂ ਤੇ ਸੇਬਾਂ ਦੇ ਦੋ ਲਫਾਫੇ ਸਾਡੇ ਹੱਥ ਲਿਆ ਫੜਾਏ।

ਆਪਣੇ ਬੁੱਢੇ ਮਾਂ-ਬਾਪ ਨੂੰ ਵਹਿੰਗੀ ਵਿੱਚ ਬਿਠਾ ਤੀਰਥ-ਯਾਤਰਾ ਕਰਵਾਉਣ ਵਾਲੇ ਸਰਵਣ ਪੁੱਤ ਵਰਗੇ ਆਗਿਆਕਾਰੀ ਲਛਮਣ ਸਿੰਘ ਨੇ ਅੱਧੇ-ਪੌਣੇ ਕਿਲੋਮੀਟਰ ਤੱਕ ਸਵਾਰੀ ਲਿਜਾਣ ਲਈ ਕਹਿਣ 'ਤੇ ਵੀਹ-ਬਾਈ ਮੀਲ ਦਾ ਸਫ਼ਰ ਕਰ ਲਿਆ ਪਰ ਫਰੂਟ ਦੇ ਪੈਸੇ ਫੜਾਉਣ ਵੇਲੇ ਪੈਸੇ ਨਾ ਫੜਨ ਦੀ ਅੜੀ ਹੀ ਫੜ ਲਈ। ਬਾਹੋਂ ਫੜ ਕੇ ਖਿੱਚਿਆ ਕਿ ਕੁੜਮਾਂ ਦੇ ਘਰੋਂ ਚਾਹ ਦਾ ਕੱਪ ਪੀ ਕੇ ਜਾਈਂ,

ਬਾਕੀ ਸਫਾ 40 'ਤੇ....

## ਸੈਣੀ ਸਖਸ਼ੀਅਤਾਂ

### ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਮੈਂਬਰ



**ਜ਼ਿਲ੍ਹਾ ਪਰਿਸ਼ਦ ਮੈਂਬਰ :**
ਡਾ. ਦੇਸ ਰਾਜ ਸੈਣੀ, ਪਿੰਡ - ਨੰਗਲ ( ਅਬਿਆਣਾ), ਜ਼ਿਲ੍ਹਾ- ਰੂਪਨਗਰ

**ਬਲਾਕ ਸੰਮਤੀ ਮੈਂਬਰ–**



**ਸ.ਦਵਿੰਦਰ ਸਿੰਘ** ਪੁੱਤਰ ਸ. ਗੁਰਦਿਆਲ ਸਿੰਘ, ਪਿੰਡ- ਲਸਾੜਾ, ਜ਼ੋਨ- ਲਸਾੜਾ, ਬਲਾਕ- ਫਿਲੌਰ, ਜ਼ਿਲ੍ਹਾ- ਜਲੰਧਰ



**ਸ. ਸਤਿੰਦਰ ਸਿੰਘ ਕਮਲ** ਪੁੱਤਰ ਸ. ਪ੍ਰੀਤਮ ਸਿੰਘ, ਪਿੰਡ- ਤਾਜੇਵਾਲ, ਜ਼ੋਨ- ਨੰਦਾਚੌਰ, ਜ਼ਿਲ੍ਹਾ- ਹੁਸ਼ਿਆਰਪੁਰ



**ਸ਼੍ਰੀਮਤੀ ਪਰਮਿੰਦਰ ਕੌਰ** ਪਤਨੀ ਸ. ਗੁਰਵਿੰਦਰ ਸਿੰਘ, ਪਿੰਡ-ਆਲੋਵਾਲ, ਜ਼ੋਨ- ਵੱਡੇਫਤਹਿ ਸਿੰਘ, ਜ਼ਿਲ੍ਹਾ- ਹੁਸ਼ਿਆਰਪੁਰ



**ਸ. ਦਿਲਬਾਗ ਸਿੰਘ** ਪਿੰਡ- ਡਾਢੀ, ਜੋਨ ਡਾਢੀ, ਜ਼ਿਲ੍ਹਾ ਰੋਪੜ



**ਸ਼੍ਰੀਮਤੀ ਭੁਪਿੰਦਰ ਕੌਰ** ਪਤਨੀ ਸ. ਹਰਜਿੰਦਰ ਸਿੰਘ, ਪਿੰਡ- ਸੈਣੀ ਮਾਜਰਾ (ਢੱਕੀ), ਜ਼ੋਨ- ਸਿੰਘਪੁਰਾ, ਜ਼ਿਲ੍ਹਾ-ਰੂਪਨਗਰ



**ਸ਼੍ਰੀਮਤੀ ਸੁਖਵਿੰਦਰ ਕੌਰ** ਪਤਨੀ ਸ. ਜਸਪਾਲ ਸਿੰਘ, ਪਿੰਡ ਤੇ ਜ਼ੋਨ- ਕਾਹਮਾ, ਬਲਾਕ ਤੇ ਜ਼ਿਲ੍ਹਾ- ਨਵਾਂਸ਼ਹਿਰ



**ਸ਼੍ਰੀਮਤੀ ਗੁਰਮੀਤ ਕੌਰ** ਪਤਨੀ ਸ. ਅਜੀਤ ਸਿੰਘ, ਪਿੰਡ-ਸੋਇਤਾ, ਜ਼ੋਨ-ਪਲੀਆਂ, ਬਲਾਕ-ਨਵਾਂਸ਼ਹਿਰ, ਜ਼ਿਲ੍ਹਾ-ਨਵਾਂਸ਼ਹਿਰ



**ਸ਼੍ਰੀਮਤੀ ਸਰਬਜੀਤ ਕੌਰ** ਪਤਨੀ ਸ. , ਪਿੰਡ- ਚੱਕਦਾਨਾ, ਜ਼ੋਨ- ਉੜਾਪੜ, ਬਲਾਕ- ਔੜ, ਜ਼ਿਲ੍ਹਾ- ਨਵਾਂਸ਼ਹਿਰ



**ਸ. ਗੁਰਨਾਮ ਸਿੰਘ** ਪੁੱਤਰ ਸ. ਮਲਕੀਅਤ ਸਿੰਘ, ਪਿੰਡ- ਉੜਾਪੜ, ਜ਼ੋਨ ਤੇ ਬਲਾਕ- ਔੜ, ਜ਼ਿਲ੍ਹਾ- ਨਵਾਂਸ਼ਹਿਰ

**ਸ. ਜਗਦੀਸ਼ ਸਿੰਘ** ਪੁੱਤਰ ਸ. ਜਸਵੰਤ ਸਿੰਘ, ਪਿੰਡ- ਬੁਰਜ, ਜ਼ੋਨ-ਫਾਂਬੜਾ,ਬਲਾਕ-ਔੜ,ਜ਼ਿਲ੍ਹਾ- ਨਵਾਂਸ਼ਹਿਰ



**ਸ਼੍ਰੀਮਤੀ ਭੁਪਿੰਦਰ ਕੌਰ** ਪਤਨੀ ਸ. ਕਸ਼ਮੀਰ ਸਿੰਘ, ਪਿੰਡ ਤੇ ਜ਼ੋਨ- ਬਜੀਦਪੁਰ, ਬਲਾਕ- ਔੜ, ਜ਼ਿਲ੍ਹਾ- ਨਵਾਂਸ਼ਹਿਰ



**ਸ. ਜੋਗਿੰਦਰ ਸਿੰਘ** ਪੁੱਤਰ ਸ. ਬਖਤਾਵਰ ਸਿੰਘ, ਪਿੰਡ- ਭਗੌਰਾ, ਜ਼ੋਨ- ਬਰਨਾਲਾ, ਬਲਾਕ ਤੇ ਜ਼ਿਲ੍ਹਾ- ਨਵਾਂਸ਼ਹਿਰ



**ਸ਼੍ਰੀਮਤੀ ਦਵਿੰਦਰ ਕੌਰ** ਪਤਨੀ ਸ. ਜ਼ੋਨ- ਲੋਦੀਮਾਜਰਾ, ਜ਼ਿਲ੍ਹਾ- ਰੂਪਨਗਰ



**ਸ. ਪ੍ਰੀਤਮ ਸਿੰਘ ਪੁੱਤਰ** ਸ. ਪਿੰਡ- ਮੁਕਾਰੀ, ਜ਼ੋਨ- 14, ਬਲਾਕ- ਨੂਰਪੁਰ ਬੇਦੀ, ਜ਼ਿਲ੍ਹਾ-ਰੂਪਨਗਰ



**ਸ਼੍ਰੀ ਨਰਿੰਦਰ ਸੈਣੀ** ਪੁੱਤਰ ਸ਼੍ਰੀ ਹਰੀ ਚੰਦ ਪਿੰਡ- ਅਹਿਮਦਪੁਰ, ਜ਼ੋਨ-8, ਬਲਾਕ- ਰੂਪਨਗਰ, ਜ਼ਿਲ੍ਹਾ- ਰੁਪਨਗਰ



**ਸ਼੍ਰੀਮਤੀ ਕਮਲਜੀਤ ਕੌਰ** ਪਤਨੀ ਸ. ਜਰਨੈਲ ਸਿੰਘ ਕਾਬੜਵਾਲ, ਪਿੰਡ- ਸ਼ਾਮਪੁਰਾ, ਜ਼ੋਨ- ਸ਼ਾਮਪੁਰਾ, ਜ਼ਿਲ੍ਹਾ- ਰੂਪਨਗਰ

**ਸ. ਨਿਰਮਲਜੀਤ ਸਿੰਘ** ਪੁੱਤਰ ਸ. ਕੇਸਰ ਸਿੰਘ, ਪਿੰਡ- ਝਿੱਕਾ, ਜ਼ੋਨ- ਪਠਲਾਵਾ, ਬਲਾਕ-ਬੰਗਾ, ਜ਼ਿਲ੍ਹਾ- ਨਵਾਂਸ਼ਹਿਰ

**ਸ. ਗੁਰਬਚਨ ਸਿੰਘ** ਪੁੱਤਰ ਸ. ਹਰੀ ਸਿੰਘ, ਪਿੰਡ- ਦੁਪਾਲਪੁਰ, ਜ਼ੋਨ- ਜਲਵਾਹਾ, ਬਲਾਕ ਤੇ ਜ਼ਿਲ੍ਹਾ- ਨਵਾਂਸ਼ਹਿਰ

**ਸ਼੍ਰੀਮਤੀ ਪਰਮਿੰਦਰ ਕੌਰ** ਪਤਨੀ ਸ. ਮਿਹਰ ਸਿੰਘ, ਪਿੰਡ- ਸਿੰਘ, ਜ਼ੋਨ- ਸਿੰਘ , ਬਲਾਕ ਤੇ ਜ਼ਿਲ੍ਹਾ- ਰੂਪਨਗਰ

**ਸ਼੍ਰੀਮਤੀ ਸਤਵੰਤ ਕੌਰ** ਬਲਾਕ- ਨੂਰਪੁਰ ਬੇਦੀ, ਜ਼ਿਲ੍ਹਾ- ਰੂਪਨਗਰ

**ਸ਼੍ਰੀਮਤੀ ਪ੍ਰਭਜੋਤ ਕੌਰ,** ਪਿੰਡ- ਮੂਨਕ, ਬਲਾਕ- ਟਾਂਡਾ ਉੜਮੁੜ, ਜ਼ਿਲ੍ਹਾ- ਹੁਸ਼ਿਆਰਪੁਰ।

ਜਿਨ੍ਹਾਂ ਜ਼ਿਲ੍ਹਾ ਪ੍ਰੀਸ਼ਦ ਜਾਂ ਬਲਾਕ ਸੰਮਤੀ ਮੈਂਬਰਾਂ ਦੇ ਵੇਰਵੇ ਇਸ ਅੰਕ ਵਿੱਚ ਨਹੀਂ ਛਪੇ ਉਹ ਆਪਣੇ ਵੇਰਵੇ ਸਮੇਤ ਫੋਟੋ ਸੈਣੀ ਭਵਨ ਨੂੰ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਅਗਲੇ ਅੰਕ ਵਿੱਚ ਛਾਪੇ ਜਾ ਸਕਣ।

ਕਹਾਣੀ

# ਵਿਦੇਸ਼ੀ ਲਾੜੇ

ਈਸ਼ਰ ਸਿੰਘ
ਬਲੀ ਕਲਾਂ, (ਘਨੌਲੀ)



' ਤੂੰ ਇਹਦੇ ਗਹਿਣੇ ਕਾਬੂ ਕਰਨ ਦੀ ਕਰ- ਬਾਕੀ ਮੈਂ ਜਾਣਾ ਤੇ ਮੇਰਾ ਕੰਮ'। ਮਾਂ ਨੇ ਅਲੱਗ ਕਰ ਕੇ ਆਪਣੇ ਪੁੱਤਰ ਰਣਧੀਰ ਸਿੰਘ ਨੂੰ ਕਿਹਾ।

ਕੁਲਵੰਤ ਜਿਸ ਦਿਨ ਦੀ ਇਸ ਘਰ ਵਿੱਚ ਆਈ ਸੀ, ਉਸ ਨੂੰ ਇਸ ਤਰ੍ਹਾਂ ਜਾਪਦਾ ਸੀ, ਜਿਵੇਂ ਉਹ ਕਿਸੇ ਸੁਪਨ ਦੇਸ਼ ਵਿੱਚ ਆ ਗਈ ਹੋਵੇ। ਉਸ ਦੀ ਸ਼ਾਦੀ ਨੂੰ ਅਜੇ ਥੋੜ੍ਹੇ ਹੀ ਹੋਏ ਸਨ ਪਰ ਉਸ ਨੂੰ ਮਨ ਪਸੰਦੀਦਾ ਜੀਵਨ ਸਾਥੀ ਮਿਲ ਗਿਆ ਸੀ। ਕਾਲਜ ਦੀ ਪੜ੍ਹਾਈ ਦੌਰਾਨ ਉਸ ਨੇ ਕੀਤੇ ਵਾਅਦੇ ਪੂਰੇ ਕੀਤੇ ਸਨ। ਵਿਦੇਸ਼ਾਂ ਵਿੱਚ ਜਾ ਕੇ ਵੀ ਉਹ ਉਸ ਨੂੰ ਭੁੱਲਿਅ ਨਹੀਂ ਸੀ। ਚਿੱਠੀ ਪੱਤਰ ਤਾਂ ਆਉਂਦੇ ਹੀ ਰਹਿੰਦੇ ਸਨ, ਪਰ ਖੁਸ਼ੀ ਇਸ ਗੱਲ ਦੀ ਸੀ ਕਿ ਉਸ ਨੇ ਆਉਂਦੇ ਹੀ ਕੁਲਵੰਤ ਨਾਲ ਆਪਣੀ ਸ਼ਾਦੀ ਸਭ ਤੋਂ ਪਹਿਲਾਂ ਨੇਪਰੇ ਚਾੜ੍ਹੀ ਸੀ।

ਕੁਲਵੰਤ ਦਾ ਪਿਤਾ ਤੇਜਾ ਸਿੰਘ ਇੱਕ ਪੜ੍ਹਿਆ ਲਿਖਿਆ ਅਤੇ ਅਗਾਂਹ-ਵਧੂ ਇਨਸਾਨ ਸੀ। ਉਸ ਨੇ ਆਪਣੀ ਧੀ ਦੇ ਫੈਸਲੇ ਉੱਤੇ ਕੋਈ ਉਜ਼ਰ ਨਹੀਂ ਕੀਤਾ ਸੀ। ਕਰਦਾ ਵੀ ਕਿਉਂ, ਜਦੋਂ ਉਸ ਦੀ ਧੀ ਹੀ ਖੁਦ ਆਪਣੇ ਫੈਸਲੇ ਕਰਨ ਦੇ ਯੋਗ ਹੋ ਗਈ ਸੀ। ਉਸ ਨੇ ਅਤੇ ਉਸ ਦੇ ਘਰਵਾਲੀ ਪਰਸਿੰਨ ਕੌਰ ਨੇ ਜਦੋਂ ਇਹ ਜੋੜੀ ਵੇਖੀ ਤਾਂ ਖੁਸ਼ੀ ਵਿੱਚ ਫੁੱਲੇ ਨਹੀਂ ਸਮਾ ਰਹੇ ਸਨ। ਉਨ੍ਹਾਂ ਨੇ ਜੀਅ ਭਰ ਕੇ ਧੀ ਅਤੇ ਜੁਆਈ ਨੂੰ ਸੋਨੇ ਦੇ ਗਹਿਣਿਆਂ ਨਾਲ ਲੱਦਿਆ ਅਤੇ ਖੁਸ਼ੀ-ਖੁਸੀ ਧੀ ਨੂੰ ਉਸ ਦੀ ਮਰਜ਼ੀ ਦੇ ਘਰ ਭੇਜ ਕੇ ਉਹ ਸੁਰਖੁਰੂ ਹੋ ਗਏ।

ਅੱਜ ਉਨ੍ਹਾਂ ਦੀ ਸ਼ਾਦੀ ਨੂੰ ਸੱਤਵਾਂ ਦਿਨ ਸੀ ਤੇ ਰਣਧੀਰ ਸਿੰਘ ਕਾਲਜ ਦੇ ਸਮੇਂ ਤੋਂ ਹੀ ਪੀ ਲੈਂਦਾ ਸੀ। ਪਰ ਹੁਣ ਤਾਂ ਉਹ ਵਿਦੇਸ਼ਾਂ ਤੋਂ ਕਮਾਈ ਕਰ ਕੇ ਮੁੜਿਆ ਸੀ। ਉਹ ਫਿਰ ਘੋੜੇ 'ਤੇ ਸੁਆਰ ਕਿਉਂ ਨਾ ਰਹਿੰਦਾ। ' ਮੈਂ ਆਪਣੀ ਹੀਰ ਨੂੰ ਕਸ਼ਮੀਰ ਵੀ ਵਿਖਾਵਾਂ..... ਫਿਰ ਪਰਤ ਕੇ ਕੈਨੇਡਾ ਦੀ ਤਿਆਰੀ ਵੀ ਕਰਨੀ ਹੈ'। ' ਕਸ਼ਮੀਰ! ....ਆਪਾਂ ਕਦੋਂ ਕਸ਼ਮੀਰ ਜਾ ਰਹੇ ਹਾਂ?' ਇੱਕੋ ਸਾਹੇ ਕੁਲਵੰਤ ਨੇ ਪੁੱਛਿਆ। ਕਸ਼ਮੀਰ ਉਹ ਦੇ ਲਈ ਸਵਰਗ ਸੀ ਜਿਸ ਦੀ ਚਰਚਾ ਉਸ ਦੇ ਸਿਲੇਬਸ ਵਿੱਚ ਵੀ ਹੁੰਦੀ ਸੀ। ' ਬੱਸ ਸਵੇਰੇ ਸੱਤ ਵਜੇ ਹੀ ਨਿਕਲ ਜਾਵਾਂਗੇ'। ਇਹ ਸੁਣ ਕੇ ਕੁਲਵੰਤ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ।

ਦੂਜੇ ਦਿਨ ਉਹ ਉੱਠੀ ਵੀ ਨਹੀਂ ਸੀ ਕਿ ਰਸੋਈ ਵਿੱਚੋਂ ਪਰੌਠਿਆਂ ਦੀਆਂ ਮਹਿਕਾਂ ਖਿਲਰ ਰਹੀਆਂ ਸਨ। ਸਮਝਣ ਵਿੱਚ ਉਸ ਨੂੰ ਦੇਰ ਨਾ ਲੱਗੀ, ਕਿਵੇਂ ਉਸ ਦੀ ਸੱਸ ਉਨ੍ਹਾਂ ਦੇ ਜਾਣ ਦੀ ਤਿਆਰੀ ਵਿੱਚ ਸਵੇਰੇ ਹੀ ਜੁਟ ਗਈ ਸੀ। ' ਮੈਨੂੰ ਕਿੰਨੀ ਪਿਆਰੀ ਸੱਸ ਰੱਬ ਨੇ ਦਿੱਤੀ ਹੈ' ਸੋਚਦੀ ਸੋਚਦੀ ਉਹ ਬਿਸਤਰੇ ਤੋਂ ਉੱਠੀ। ਉਹਦੇ ਪਤੀ ਦੇਵ ਪਹਿਲਾਂ ਹੀ ਇਸ਼ਨਾਨ ਕਰਨ ਲੱਗੇ ਹੋਏ ਸਨ। ਉਹ ਵੀ ਤੇਜ਼ੀ ਨਾਲ ਤਿਆਰ ਹੋਣ ਲੱਗੀ। ਸਾਰਾ ਸਾਮਾਨ ਪੈਕ ਹੋ ਗਿਆ। ਦੋਵੇਂ ਸਜ-ਧਜ ਕੇ ਨਿਕਲਣ ਹੀ ਲੱਗੇ ਸਨ ਕਿ ਕੁਲਵੰਤ ਦੇ ਸਿਰ ਤੇ ਹੱਥ ਧਰਦਿਆਂ ਹੋਇਆਂ ਸੱਸ ਆਖਣ ਲੱਗੀ, ' ਧੀਏ ਜ਼ਮਾਨਾ ਬਹੁਤ ਖਰਾਬ ਏ... ਤੂੰ ਗਹਿਣੇ ਐਥੇ ਹੀ ਲਾਹ ਜਾ... ਧਰਿ ਜਾਂਦਾ ਜਾਂਦਾ ਬਾਹਰੋਂ ਨਕਲੀ ਗਹਿਣੇ ਲੈ ਕੇ ਤੈਨੂੰ ਦੇ ਦੇਵੇਗਾ ਧੀਏ...'। ਉਸ ਨੇ ਉਸੇ ਵਕਤ ਗਹਿਣੇ ਲਾਹ ਕੇ ਸੱਸ ਦੇ ਹਵਾਲੇ ਕਰ ਦਿੱਤੇ।

ਆਖਰ ਜੋੜਾ ਕਸ਼ਮੀਰ ਪਹੁੰਚ ਗਿਆ। ਜ਼ਿੰਦਗੀ ਐਸੇ ਰੰਗੀਨ ਦੌਰ ਵਿਚੋਂ ਗੁਜ਼ਰ ਰਹੀ ਸੀ ਕਿ ਪਤਾ ਹੀ ਨਾ ਲਗਦਾ ਕਿ ਕਦੋਂ ਦਿਨ ਚੜ੍ਹਦਾ ਤੇ ਕਦੋਂ ਰਾਤ ਪੈ ਜਾਂਦੀ। ਪੂਰੇ ਬਾਈ ਦਿਨ ਲੰਘ ਗਏ। ਕੁੱਝ ਬੇਹਤਰੀਨ ਨਿਆਮਤਾਂ ਖਰੀਦ ਕੇ ਇਹ ਜੋੜਾ ਸ਼੍ਰੀਨਗਰ ਤੋਂ ਜੰਮੂ ਵਾਲੀ ਬੱਸ ਤੇ ਸਵਾਰ ਹੋ ਗਿਆ। ਫਿਰ ਜੰਮੂ ਤੋਂ ਜਲੰਧਰ ਵਾਲੀ ਬੱਸ ਫੜੀ । ਇੱਥੇ ਪਹੁੰਚ ਕੇ ਧਰਿ ਨੇ ਕਿਹਾ, ' ਚਲੋ ਡੈਡੀ ਜੀ ਕੋਲ ਚੱਲਦੇ ਆਂ...' ਇਹ ਆਖ ਕੇ ਧੀਰ ਚੰਡੀਗੜ੍ਹ ਵਾਲੀ ਬੱਸ ਚੜ੍ਹ ਗਿਆ ਅਤੇ ਮੋਹਾਲੀ ਦੀਆਂ ਟਿਕਟਾਂ ਲੈ ਲਈਆਂ। ਕੁਲਵੰਤ ਹੈਰਾਨ ਸੀ ਕਿ ਕਿੰਨੇ ਚੰਗੇ ਟੱਬਰ ਨਾਲ ਉਸ ਦੇ ਸਬੰਧ ਜੁੜੇ ਹਨ ਨਹੀਂ ਤਾਂ ਸਹੁਰੇ ਘਰ ਕੌਣ ਜਾਣਾ ਚਾਹੁੰਦਾ? ਇਹ ਸੋਚਦੀ ਹੀ ਉਹ ਮੋਹਾਲੀ ਪਹੁੰਚ ਗਈ।

ਉਨ੍ਹਾਂ ਨੂੰ ਦੇਖ ਕੇ ਕੁਲਵੰਤ ਦੇ ਮਾਪਿਆਂ ਨੂੰ ਜਿਵੇਂ ਚਾਅ ਹੀ ਚੜ੍ਹ ਗਿਆ। ਉੱਥੇ ਠਹਿਰਿਆਂ ਨੂੰ ਤਿੰਨ ਦਿਨ ਹੋ ਗਏ ਤਾਂ ਨਾਸ਼ਤਾ ਕਰਦਿਆਂ ਧੀਰ ਬੋਲਿਆ,' ਓ ਤੇਰੇ ਦੀ... ਮੈਂ ਤਾਂ ਭੁੱਲ ਹੀ ਗਿਆ.... ਅੱਜ ਤਾਂ ਮੈਂ ਆਪਣੀ ਟਿਕਟ ਓ. ਕੇ. ਕਰਵਾਉਣ ਲਈ ਦਿੱਲੀ ਜਾਣਾ ਐ.... ' ਫਿਰ ਕੀ ਹੋਇਆ? ਕੁਲਵੰਤ ਹੁਣੇ ਤਿਆਰ ਹੋ ਜਾਂਦੀ ਪੁੱਤਰ...'। ਨਾਸ਼ਤਾ ਕਰਦਾ ਤੇਜਾ ਸਿੰਘ ਬੋਲਿਆ।

'ਨਹੀਂ ਇਹ ਚਾਰ ਦਿਨ ਹੋਰ ਰਹਿ ਲਵੇ... ਮੈਂ ਕੰਮ ਕਰਵਾ ਕੇ ਆਇਆ ਕਿ ਆਇਆ'। ਤੇਜਾ ਸਿੰਘ ਤੇ ਪਰਸਿੰਨੀ ਜੁਆਈ ਤੋਂ ਸਦਕੇ ਜਾ ਰਹੇ ਸਨ। ਨਹੀਂ ਤਾਂ ਕੋਈ ਦੋ ਦਿਨ ਨਹੀਂ ਛੱਡਦਾ। ਤੇਜਾ ਸਿੰਘ ਆਪ ਜੁਆਈ ਨੂੰ ਮੋਹਾਲੀ ਬੱਸ ਅੱਡੇ ਤੇ ਚੜ੍ਹਾ ਕੇ ਗਿਆ। ਚੌਥੇ ਕੁ ਦਿਨ ਰਣਧੀਰ ਦਾ ਫੋਨ ਆਇਆ, ' ਕੁਲਵੰਤ ਮੈਂ ਦੱਸਣਾ ਭੁੱਲ ਗਿਆ...ਮੇਰੇ ਵੀਜ਼ੇ ਦੀ ਮਿਆਦ ਖਤਮ ਹੋਣ ਵਾਲੀ ਸੀ, ਮੈਂ ਤਾਂ ਕੈਨੇਡਾ ਤੋਂ ਬੋਲ ਰਿਹਾਂ। ਬੀਜੀ ਤੈਨੂੰ ਆ ਕੇ ਲੈ ਜਾਣਗੇ'। ਬਿਨਾਂ ਉੱਤਰ ਸੁਣੇ ਉਸ ਨੇ ਫੋਨ ਕੱਟ ਦਿੱਤਾ।

ਇੱਕ ਮਹੀਨਾ ਲੰਘ ਗਿਆ ਪਰ ਬੀਜੀ ਲੈਣ ਨਾ ਆਏ। ਇਕ ਦਿਨ ਤੇਜਾ ਸਿੰਘ ਨੇ ਫੋਨ ਕਰਕੇ ਲਿਜਾਣ ਬਾਰੇ ਜਦੋਂ ਪੁੱਛਿਆ ਕਿਉਂਕਿ ਧੀ ਭੇਜਣ ਵੇਲੇ ਉਨ੍ਹਾਂ ਨੇ ਤਿਆਰ ਵੀ ਕਰਨੀ ਸੀ ਤਾਂ ਬੀਜੀ ਨੇ ਦੋ ਟੁੱਕ ਉੱਤਰ ਦਿੱਤਾ, ' ਮੈਂ ਇਸ ਬਾਰੇ ਕੀ ਆਖ ਸਕਦੀ ਹਾਂ? ਇਹ ਤਾਂ ਧੀਰ ਹੀ ਦੱਸੂਗਾ....'।ਇਹ ਉੱਤਰ ਸੁਣ ਕੇ ਤੇਜਾ ਸਿੰਘ ਸੁੰਨ ਹੋ ਗਿਆ।

# SAINI BHAWAN, RUPNAGAR

## 2019

### ਜਨਵਰੀ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | 1 | 2 | 3 | 4 | 5◑ |
| 6 | 7 | 8 | 9 | 10 | 11 | 12 |
| 13 | 14★ | 15 | 16x | 17 | 18 | 19 |
| 20 | 21● | 22 | 23 | 24 | 25 | 26 |
| 27 | 28 | 29 | 30 | 31 | | |

### ਫਰਵਰੀ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | | | 1 | 2 |
| 3 | 4◑ | 5 | 6 | 7 | 8 | 9 |
| 10 | 11 | 12 | 13★ | 14 | 15x | 16 |
| 17 | 18 | 19● | 20 | 21 | 22 | 23 |
| 24 | 25 | 26 | 27 | 28 | | |

### ਮਾਰਚ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | | | 1 | 2 |
| 3 | 4 | 5 | 6◑ | 7 | 8 | 9 |
| 10 | 11 | 12 | 13 | 14★ | 15 | 16x |
| 17 | 18 | 19 | 20 | 21● | 22 | 23 |
| 24 | 25 | 26 | 27 | 28 | 29 | 30 |
| 31 | | | | | | |

### ਅਪ੍ਰੈਲ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | 1 | 2 | 3 | 4 | 5◑ | 6 |
| 7 | 8 | 9 | 10 | 11 | 12 | 13 |
| 14★ | 15x | 16 | 17 | 18 | 19● | 20 |
| 21 | 22 | 23 | 24 | 25 | 26 | 27 |
| 28 | 29 | 30 | | | | |

### ਮਈ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | 1 | 2 | 3 | 4◑ |
| 5 | 6 | 7 | 8 | 9 | 10 | 11 |
| 12 | 13 | 14x | 15★ | 16 | 17 | 18● |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

### ਜੂਨ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | | | | 1 |
| 2 | 3◑ | 4 | 5 | 6 | 7 | 8 |
| 9 | 10 | 11 | 12x | 13 | 14 | 15★ |
| 16 | 17● | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

### ਜੁਲਾਈ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | 1 | 2◑ | 3 | 4 | 5 | 6 |
| 7 | 8 | 9 | 10 | 11x | 12 | 13 |
| 14 | 15 | 16★● | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

### ਅਗਸਤ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | | 1◑ | 2 | 3 |
| 4 | 5 | 6 | 7 | 8 | 9 | 10x |
| 11 | 12 | 13 | 14 | 15● | 16 | 17★ |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30◑ | 31 |

### ਸਤੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| 1 | 2 | 3 | 4 | 5 | 6 | 7 |
| 8x | 9 | 10 | 11 | 12 | 13● | 14 |
| 15 | 16 | 17★ | 18 | 19 | 20 | 21 |
| 22 | 23 | 24 | 25 | 26 | 27 | 28◑ |
| 29 | 30 | | | | | |

### ਅਕਤੂਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | 1 | 2 | 3 | 4 | 5 |
| 6 | 7 | 8x | 9 | 10 | 11 | 12 |
| 13● | 14 | 15 | 16 | 17★ | 18 | 19 |
| 20 | 21 | 22 | 23 | 24 | 25 | 26 |
| 27 | 28◑ | 29 | 30 | 31 | | |

### ਨਵੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | | | 1 | 2 |
| 3 | 4 | 5 | 6 | 7x | 8 | 9 |
| 10 | 11 | 12● | 13 | 14 | 15 | 16★ |
| 17 | 18 | 19 | 20 | 21 | 22 | 23 |
| 24 | 25 | 26◑ | 27 | 28 | 29 | 30 |

### ਦਸੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| 1 | 2 | 3 | 4 | 5 | 6x | 7 |
| 8 | 9 | 10 | 11 | 12● | 13 | 14 |
| 15 | 16★ | 17 | 18 | 19 | 20 | 21 |
| 22 | 23 | 24 | 25 | 26◑ | 27 | 28 |
| 29 | 30 | 31 | | | | |

## ਪੰਜਾਬ ਸਰਕਾਰ ਦੀਆਂ ਸਾਲ 2019 ਦੀਆਂ ਗਜ਼ਟਡ ਛੁੱਟੀਆਂ ਦੀ ਸੂਚੀ

| | |
|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 13 ਜਨਵਰੀ |
| ਗਣਤੰਤਰ ਦਿਵਸ | 26 ਜਨਵਰੀ |
| ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਜੀ | 19 ਫਰਵਰੀ |
| ਮਹਾਂ ਸ਼ਿਵਰਾਤਰੀ | 4 ਮਾਰਚ |
| ਹੋਲੀ | 21 ਮਾਰਚ |
| ਰਾਮ ਨੌਮੀ | 13 ਅਪ੍ਰੈਲ |
| ਵਿਸਾਖੀ / ਜਨਮ ਦਿਨ ਡਾ. ਬੀ.ਆਰ. ਅੰਬੇਡਕਰ | 14 ਅਪ੍ਰੈਲ |
| ਮਹਾਂਵੀਰ ਜੈਯੰਤੀ | 17 ਅਪ੍ਰੈਲ |
| ਗੁੱਡ ਫਰਾਈਡੇ | 19 ਅਪ੍ਰੈਲ |
| ਈਦ-ਉੱਲ-ਫਿਤਰ | 5 ਜੂਨ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 7 ਜੂਨ |
| ਭਗਤ ਕਬੀਰ ਜਯੰਤੀ | 17 ਜੂਨ |
| ਈਦ-ਉੱਲ-ਜੁਹਾ | 12 ਅਗਸਤ |
| ਸੁਤੰਤਰਤਾ ਦਿਵਸ | 15 ਅਗਸਤ |
| ਜਨਮ ਅਸ਼ਟਮੀ | 24 ਅਗਸਤ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 31 ਅਗਸਤ |
| ਮਹਾਰਾਜ ਅਗਰਸੈਨ ਜਯੰਤੀ | 29 ਸਤੰਬਰ |
| ਜਨਮ ਦਿਵਸ ਮਹਾਤਮਾ ਗਾਂਧੀ | 2 ਅਕਤੂਬਰ |
| ਦੁਸਹਿਰਾ | 8 ਅਕਤੂਬਰ |
| ਜਨਮ ਦਿਵਸ ਮਹਾਂਰਿਸ਼ੀ ਵਾਲਮੀਕਿ ਜੀ | 13 ਅਕਤੂਬਰ |
| ਦੀਵਾਲੀ | 27 ਅਕਤੂਬਰ |
| ਵਿਸ਼ਵਕਰਮਾ ਦਿਵਸ | 28 ਅਕਤੂਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 12 ਨਵੰਬਰ |
| ਸ਼ਹੀਦੀ ਦਿਹਾੜਾ ਸ੍ਰੀ ਗੁਰੂ ਤੇਗ ਬਹਾਦਰ ਜੀ | 1 ਦਸੰਬਰ |
| ਕ੍ਰਿਸਮਿਸ ਦਿਵਸ | 25 ਦਸੰਬਰ |

● ਪੂਰਨਮਾਸੀ ★ ਸੰਗਰਾਂਦ ◑ ਮੱਸਿਆ x ਦਸਮੀ

* ਪੰਜਾਬ ਸਰਕਾਰ ਵਲੋਂ ਜਾਰੀ ਗਜ਼ਟ ਨਾਲ ਮਿਲਾਣ ਕਰ ਲਿਆ ਜਾਵੇ

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ



ਮੈਗਜ਼ੀਨ "ਸੈਣੀ ਸੰਸਾਰ" ਦਾ 31ਵਾਂ ਅੰਕ ਰਿਲੀਜ਼ ਕਰਦੇ ਹੋਏ ਸ. ਅਜੀਤ ਸਿੰਘ ਲੌਂਗੀਆ (ਰਿਟਾ. ਤਹਿਸੀਲਦਾਰ)



ਡਾਇਰੈਕਟਰ, I.I.T. ਰੂਪਨਗਰ ਦੇ ਪ੍ਰੋ. ਐੱਸ.ਕੇ.ਦਾਸ, I.I.M. ਅਹਿਮਦਾਬਾਦ ਦੇ ਵਿਦਿਆਰਥੀ ਸੁਖਪਾਲ ਸਿੰਘ ਨੂੰ ਤਿੰਨ ਲੱਖ ਰੁਪਏ ਦਾ ਵਜ਼ੀਫਾ ਪ੍ਰਦਾਨ ਕਰਦੇ ਹੋਏ।




ਸਾਲਾਨਾ ਭਾਸ਼ਣ ਪ੍ਰਤਿਯੋਗਤਾ ਦੇ ਜੇਤੂ ਵਿਦਿਆਰਥੀ ਸੈਣੀ ਭਵਨ ਦੇ ਪ੍ਰਬੰਧਕਾਂ ਨਾਲ



ਸਾਲਾਨਾ ਸਿੱਖਿਆ ਸਮਾਗਮ ਸਮੇਂ ਜੁੜੇ ਪਤਵੰਤੇ ਸੱਜਣ




ਸਿੱਖਿਆ ਸਮਾਗਮ ਦੌਰਾਨ ਗਿੱਧਾ ਪੇਸ਼ ਕਰਦੀਆਂ ਸੈਣੀ ਭਵਨ ਦੀਆਂ ਸਿਖਿਆਰਥਣਾਂ